# ਜ਼ਿੰਦਗੀ



ਬਲਵੀਰ ਕੌਰ ਢਿੱਲੋਂ

Academy of the Punjab in North America - APNA: http://www.apnaorg.com

# ਜ਼ਿੰਦਗੀ

ਬਲਵੀਰ ਕੌਰ ਢਿੱਲੋਂ

ਸੰਗਮ ਪਬਲੀਕੇਸ਼ਨਜ਼, ਸਮਾਣਾ


Academy of the Punjab in North America - APNA: http://www.apnaorg.com

**Zindagi**
(poetry)
by

**Balvir Kaur Dhillon**
email: bhdhillon@gmail.com

ISBN 978-93-81316-11-5

Author
2011

**Price Rs.150/-**

Published by
**Sangam Publications**
Sekhon Colony, near bus stand
Samana-147101, Distt. Patiala (Pb.)
Ph. 01764-223047,222347
Mob. 9815243917

Printed at: Shiv Shakti Printers, Delhi

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*


Academy of the Punjab in North America - APNA: http://www.apnaorg.com

**ਸਮਰਪਣ**

ਮਾਂ ਬੋਲੀ ਪੰਜਾਬੀ ਨੂੰ
ਅਤੇ
ਪੰਜਾਬੀ ਨੂੰ ਪਿਆਰ ਕਰਨ ਵਾਲੇ ਸਾਰੇ ਪਾਠਕਾਂ ਨੂੰ


Academy of the Punjab in North America - APNA: http://www.apnaorg.com

# ਤਰਤੀਬ


- ਗੁਲਦਸਤਾ ਕਵਿਤਾਵਾਂ ਦਾ
- ਰੌਸ਼ਨੀ ਦੇ ਦੀਪ
- ਮੇਰਾ ਇਸ਼ਕ ਰੂਹਾਨੀ
- ਤੇਰੇ ਜਿਹਾ ਕੋਈ ਲੱਭਿਆ ਨਾ
- ਜਦੋਂ ਬਾਗੀਂ ਫੁੱਲ ਕੁਮਲਾਏ ਸੀ
- ਦਿਲ ਨੂੰ ਮੋਮ ਵਾਂਗ ਪਿਘਲਾ ਲੈ
- ਮਮਤਾ ਹੱਥੋਂ ਥੁੜੀਆਂ
- ਕਿਸਨੂੰ ਸੁਣਾਵਾਂ ਹਾਲ ਦਿਲ ਦਾ
- ਮੈਂ ਕੋਈ ਅਬਲਾ ਨਹੀਂ
- 'ਰੱਤਾ ਪਲੰਘ' ਨਵਾਰੀ ਡਾਹਿਆ
- ਵਾ-ਵਰੋਲੇ ਵਰਗੀ ਜ਼ਿੰਦਗੀ
- 'ਦੂਰ ਕਿਨਾਰੇ' ਲੈ ਗਏ ਆ
- ਪੱਥਰ ਦੀਆਂ ਮੂਰਤਾਂ
- ਨਾ-ਸ਼ੁਕਰਾ ਇਨਸਾਨ
- ਮੈਂ ਯਾਰ ਬਦਲਦੇ ਦੇਖੇ ਨੇ
- ਹੁੰਦੇ ਯਾਰ ਜੋ ਬਨਾਉਟੀ
- ਖ਼ੂਨ ਦੇ ਰਿਸ਼ਤੇ
- ਮੇਰੇ ਮਰਨ ਪਿੱਛੋਂ
- ਰੋਗ ਬਿਰਹੋਂ ਦਾ ਲੱਗਿਆ
- ਇਕੱਲਾ ਹੋਵੇ ਨਾ ਰੋਹੀ ਵਿਚ ਰੁੱਖ
- ਝੂਠ ਤੋਂ ਨਫ਼ਰਤ ਹੈ
- ਲਿਖਾਂਗੀ ਅੱਜ ਮੈਂ ਦਾਸਤਾਨ
- ਐਵੇਂ ਨਾ ਜ਼ਖ਼ਮ ਕੁਰੇਦੋ
- ਚੁੱਪ ਵੱਟ ਕੇ ਬਹਿ ਗਿਆ
- ਵਹਿ ਗਿਆ ਹਰ ਅੱਥਰੂ
- ਸਾਇਆ
- ਮੈਂ ਤੇਰੇ ਕਦਮਾਂ 'ਚ
- ਕੌਣ ਸੀ ਜੋ.....
- ਦਿਲ ਦੀਆਂ ਪਰਤਾਂ
- ਮੇਰੇ ਇਸ ਦਰਦ ਨੂੰ
- ਉਹ ਜਾਨ ਸੀ ਮੇਰੀ
- ਸਾਂਝ
- ਮਿੱਠਤ ਨੀਵੀਂ ਨਾਨਕਾ



Academy of the Punjab in North America - APNA: http://www.apnaorg.com

- ਮਾਲਕ ਨੇ ਮੇਰੇ ਸਿਰ ਤੇ ਹੱਥ ਰੱਖਿਆ ਏ
- "ਪਤਝੜ ਦੇ ਵਿਹੜੇ"
- ਬਿਰਹੇ ਦੀ ਪੀੜ
- ਇਨਸਾਨੀਅਤ
- ਮੈਂ ਤਰਸਾਂ ਤੇਰੀ ਦੀਦ ਨੂੰ
- ਵਿਛੋੜਾ
- ਕਿੰਝ ਛੱਡ ਦਿਆਂ ਉਹ ਰਾਹਵਾਂ
- ਤੂੰ ਰੁੱਸਿਆ ਸਾਡੇ ਹਾਸੇ ਰੁੱਸ ਗਏ
- ਡਰਦਾ ਹਾਂ ਕਿੱਧਰੇ ਮੈਂ ਕਿਸੇ ਨੂੰ
- ਤੂੰ ਕਦੇ ਵੀ ਸਾਡਾ ਹੋਇਆ ਈ ਨਹੀਂ
- ਬੈਠੇ ਹਾਂ ਤੇਰੇ ਕਦਮੋਂ ਮੇਂ
- ਬਿਰਹੇ ਦਾ ਰੁੱਖ
- ਖਾਰੇ ਖਾਰੇ ਹੰਝੂ
- ਮੇਰੀਆਂ ਬਾਤਾਂ ਮੁੱਕਦੀਆਂ ਨਾ-ਹੀਂ
- ਅੱਜ ਫਿਰ ਮੇਰੀ ਜ਼ਿੰਦਗੀ 'ਚ
- ਸੁਣ ਨੀ ਭੋਲੀਏ ਤੱਤੜੀਏ
- ਟੱਪੇ
- ਕੁਝ ਉਂਝ ਮਰ ਗਏ ਸੀ
- ਇਨਸਾਨ ਦੀ ਫ਼ਿਤਰਤ
- ਆਪਣੇ ਪਿਆਰਿਆਂ ਨੇ ਮਾਰਿਆ
- ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ
- ਦੁਨੀਆ ਕੀ ਕੀ ਰੰਗ ਦਿਖਾਉਂਦੀ ਏਂ
- ਕਦੇ ਗਲ ਦੇ ਨਾਲ ਲਗਾਉਂਦੇ ਨੇ
- ਤੂੰ ਮੇਰਾ ਹਮਸਾਇਆ ਏਂ
- ਮੁੱਖੜਾ ਤਾਂ ਮੈਂ ਵੇਖਾਂ ਜ਼ਰਾ ਹਜ਼ੂਰ ਦਾ
- ਭੋਲੀ ਤੇਰੀ ਸੂਰਤ ਦੇਖ
- ਤੇਰੀਆਂ ਉਡੀਕਾਂ
- ਮੈਂ ਦੁਨੀਆਂ ਤੇ ਆਇਆ ਲੋਕੋ
- ਗਵਾਚੇ ਸੀ ਘੜੀ ਤੇ ਪਲ
- ਅੱਜ ਦੇਖੋ ਮੇਰੇ ਦੇਸ਼ ਦੀਆਂ
- ਅਧੂਰੇ ਖਾਬ
- ਰੱਤ ਨਿਚੋੜ ਗਏ
- ਬਰਬਾਦੀ ਦਾ ਜਸ਼ਨ
- ਝੂਠੇ ਦਿਲਾਸੇ
- ਧੁਖਦੇ ਅੰਗਿਆਰ


Academy of the Punjab in North America - APNA: http://www.apnaorg.com

- ਤੇਰੀ ਦੀਦ ਬਾਝੋਂ
- ਰਹਿਮੋ ਕਰਮ
- ਕੌੜੀ ਕਮਲੀ
- ਜਾਮ
- ਜ਼ਿੰਦਗੀ
- ਦਿਲ ਤੋੜ ਕੇ ਗਏ ਨੇ
- ਮੈਂ ਉਹ ਬੂਟਾ
- ਮੇਰੀ ਹੀ ਅੱਖ ਹੋਈ
- ਤੇਰੇ ਪਿੱਛੇ ਲੱਗ ਕੇ
- ਸ਼ੁਕਰਾਨਾ
- ਦਿਲ ਦੀ ਹਸਰਤ
- ਬਲਬ
- ਬਦਲਦੇ ਮੌਸਮ
- ਕਦੇ ਤਾਂ ਸਾਡੇ ਵਿਹੜੇ ਆਵੀਂ
- ਨਫ਼ਰਤ ਦੀ ਅੱਗ
- ਮੇਰੇ
- ਅੱਖੀਆਂ ਦੇ ਬੂਹੇ
- ਮੈਂ ਕਿਹਨੂੰ ਕਿਹਨੂੰ ਦੱਸਾਂ
- ਖੈਰ ਕਿੰਝ ਮਿਲੇਗੀ
- ਭਟਕਿਆ ਇਨਸਾਨ
- ਤੈਨੂੰ ਸੱਥਾਂ ਵਿਚ ਬਹਿ ਕੇ
- ਦਿਲ ਦੀਆਂ ਪਰਤਾਂ
- ਤੇਰੀ ਅੱਖ ਕਾਤਿਲ
- ਮੇਰੇ ਦਿਲ ਦਾ ਮਹਿਰਮ
- ਇਕ ਮਹਿਫ਼ਲ
- ਸਰੋਤਿਆਂ ਦੀ ਆਵਾਜ਼
- ਟੱਪੇ
- ਇਲਜ਼ਾਮ ਬਾਕੀ ਆ
- ਬੇਗਾਨੀਆਂ ਧੀਆਂ
- ਮੈਂ ਗ਼ੈਰ ਨਹੀਂ ਸੀ
- ਮੈਂ ਹਾਂ ਇੱਕ ਉਹ ਕੁੜੀ
- ਇਨਸਾਨੀਅਤ
- ਮੈਂ ਜਾਣਾ ਜਾਂ ਰੂਹ ਮੇਰੀ
- ਬਗਾਵਤ ਦਾ ਐਲਾਨ
- ਧੀ ਦੀ ਪੁਕਾਰ


Academy of the Punjab in North America - APNA: http://www.apnaorg.com

# ਜ਼ਿੰਦਗੀ ਦਾ ਸਫ਼ਰ

ਮੇਰਾ ਜਨਮ ਮਿੱਠਾਪੁਰ ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਹਾਈ ਸਕੂਲ ਜਮਸ਼ੇਰ ਖਾਸ ਤੋਂ ਦਸਵੀਂ ਪਾਸ ਕੀਤੀ। ਫਿਰ ਲਾਇਲਪੁਰ ਖਾਲਸਾ ਕਾਲਜ ਵਿੱਚ +2 ਤੇ ਬੀ. ਏ. ਪਹਿਲਾ ਭਾਗ ਪਾਸ ਕੀਤਾ। 1994 ਵਿੱਚ ਕੈਨੇਡਾ ਆ ਗਈ ਤੇ 1996 ਵਿੱਚ ਹਰਮਿੰਦਰ ਸਿੰਘ ਢਿੱਲੋਂ ਪਿੰਡ ਗੁਰਾਇਆਂ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਵਿਆਹ ਹੋ ਗਿਆ। ਮੇਰੀਆਂ ਤਿੰਨ ਬੇਟੀਆਂ ਹਨ ਬਲਪ੍ਰੀਤ, ਜਸਮੀਤ ਅਤੇ ਦੀਪਇੰਦਰ।

ਸਕੂਲ ਤੇ ਕਾਲਜ ਪੜ੍ਹਦੇ ਸਮੇਂ ਪੜ੍ਹਨ ਦਾ ਬੜਾ ਸ਼ੌਕ ਹੁੰਦਾ ਸੀ ਪਰ ਪਤਾ ਹੀ ਨਹੀਂ ਲੱਗਾ ਕਿ ਕਦ ਇਹ ਸ਼ੌਕ ਲਿਖਣ ਵਿੱਚ ਤਬਦੀਲ ਹੋ ਗਿਆ। ਪਿਛਲੇ 10 ਸਾਲ ਤੋਂ ਲਿਖਦੀ ਆ ਰਹੀਂ ਹਾਂ, ਪਰ ਕਿਸੇ ਨਾਲ ਰਚਨਾਵਾਂ ਸਾਂਝੀਆਂ ਨਹੀਂ ਸਨ ਕੀਤੀਆਂ। ਕੁਝ ਖ਼ਾਸ ਦੋਸਤਾਂ ਸਰਬਜੀਤ ਜੌਹਲ, ਹਰਤੇਜ ਸੰਧੂ, ਡੌਲੀ ਸੰਧੂ ਤੇ ਪੰਜਾਬੀ ਪੋਰਟਲ ਦੇ ਕਈ ਮੈਂਬਰਾਂ ਨੇ ਮੇਰੀਆਂ ਰਚਨਾਵਾਂ ਦੀ ਪ੍ਰਸੰਸਾ ਕੀਤੀ ਤੇ ਕਿਤਾਬ ਛਪਵਾਉਣ ਲਈ ਪ੍ਰੇਰਿਤ ਕੀਤਾ।

ਮਾਂ-ਬਾਪ, ਭੈਣ-ਭਰਾ, ਧੀਆਂ-ਪੁੱਤਰਾਂ ਜਿਹੇ ਖ਼ੂਨ ਦੇ ਰਿਸ਼ਤੇ ਸਾਡੀ ਜ਼ਿੰਦਗੀ ਦਾ ਸੱਚ ਹਨ ਪਰ ਕੁਝ ਮਹੱਤਵਪੂਰਨ ਰਿਸ਼ਤੇ ਜਿਵੇਂ ਦੋਸਤ, ਗੁਰੂ ਤੇ ਉਸਤਾਦ ਦੇ ਰੂਪ ਵਿੱਚ ਜਦੋਂ ਸਾਡੀ ਜ਼ਿੰਦਗੀ ਦਾ ਹਿੱਸਾ ਬਣਦੇ ਹਨ ਤਾਂ ਜ਼ਿੰਦਗੀ ਹੋਰ ਵੀ ਖ਼ੂਬਸੂਰਤ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਰਿਸ਼ਤੇ ਦਾ ਇਕ ਰੂਪ ਬੁਰਹਾਨ ਖਾਨ ਹੈ, ਜਿਸ ਦੀ ਰਹਿਨੁਮਾਈ ਵਿੱਚ ਮੈਂ ਆਪਣੇ ਆਪ ਨੂੰ ਇਕ ਸ਼ਾਇਰਾ ਦੇ ਰੂਪ ਵਿੱਚ ਆਪ ਦੇ ਰੂ-ਬ-ਰੂ ਕਰ ਸਕੀ ਹਾਂ। ਮੇਰੇ ਪਤੀ ਹਰਮਿੰਦਰ ਢਿੱਲੋਂ ਨੇ ਵੀ ਮੇਰੀ ਜ਼ਿੰਦਗੀ ਅਤੇ ਮੇਰੀ ਸ਼ਾਇਰੀ ਨੂੰ ਮੁਕੰਮਲ ਕਰਨ ਵਿਚ ਮੇਰੀ ਬਹੁਤ ਮਦਦ ਕੀਤੀ। ਮੇਰੇ ਇਕ ਦੋਸਤ ਗਗਨ ਮਸੌਣ ਨੇ ਮੇਰੀਆਂ ਕਵਿਤਾਵਾਂ ਨੂੰ Online ਇੱਕ ਬਲੌਗ ਬਣਾਕੇ ਲੋਕਾਂ ਤੱਕ ਪਹੁੰਚਾਉਣ ਵਿੱਚ ਬਹੁਤ ਮਦਦ ਕੀਤੀ ਹੈ। ਮੈਂ ਆਪਣੇ ਸਾਰੇ ਦੋਸਤਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੀ ਸਹਾਇਤਾ ਨਾਲ ਮੇਰੀ ਇਹ ਨਾਕਾਮ ਜਹੀ ਕੋਸ਼ਿਸ਼ ਸਾਕਾਰ ਹੋਣ ਜਾ ਰਹੀ ਹੈ।

**—ਬਲਵੀਰ ਕੌਰ ਢਿੱਲੋਂ**


Academy of the Punjab in North America - APNA: http://www.apnaorg.com

# ਭੂਮਿਕਾ

ਅੱਜ ਦੇ ਸਮੇਂ ਵਿੱਚ ਸਾਹਿਤ ਦੇ ਬਾਕੀ ਰੂਪਾਕਾਰਾਂ ਦੇ ਮੁਕਾਬਲੇ ਕਵਿਤਾ ਸਭ ਤੋਂ ਵੱਧ ਲਿਖੀ ਜਾ ਰਹੀ ਹੈ। ਪਰ ਇਹ ਵੀ ਇੱਕ ਸਚਾਈ ਹੈ ਕਿ ਇਸਦੇ ਬਾਵਜੂਦ ਸਾਹਿਤ ਦੇ ਬਾਕੀ ਰੂਪਾਕਾਰਾਂ ਨਾਲ ਕਵਿਤਾ ਹੀ ਹੈ ਜਿਸ ਨੂੰ ਅੱਜ ਦਾ ਪਾਠਕ ਅਣਗੌਲਿਆ ਕਰ ਰਿਹਾ ਹੈ। ਕਾਰਨ ਸ਼ਾਇਦ ਇਹ ਹੈ ਕਿ 'ਆਧੁਨਿਕਤਾ ਦੇ ਨਾਂ ਉਤੇ ਕਵਿਤਾ ਆਪਣੀ ਮੂਲਕ ਪਛਾਣ ਅਤੇ ਸੋਹਜ ਤੋਂ ਦੂਰ ਹੁੰਦੀ ਜਾ ਰਹੀ ਹੈ। ਇਸ ਕਰਕੇ ਸ਼ਾਇਦ ਪਾਠਕ ਵੀ ਉਸ ਕੋਲੋਂ ਪਾਸਾ ਵੱਟ ਕੇ ਲੰਘ ਰਿਹਾ ਹੈ।

ਪਰ 'ਜ਼ਿੰਦਗੀ' ਨਾਂ ਦੇ ਕਾਵਿ ਸੰਗ੍ਰਹਿ ਰਾਹੀਂ ਆਪਣੀ ਹਾਜ਼ਰੀ ਲਗਵਾ ਰਹੀ ਬਲਵੀਰ ਢਿੱਲੋਂ ਦੀ ਕਵਿਤਾ ਵਿੱਚ ਪਾਠਕ ਨੂੰ ਆਪਣੇ ਵਹਾਅ ਨਾਲ ਤੋਰਨ ਦੀ ਵੀ ਸਮਰੱਥਾ ਨਜ਼ਰ ਆਉਂਦੀ ਹੈ। ਇਸ ਕਵਿੱਤਰੀ ਨੇ ਆਪਣੀ ਕਵਿਤਾ ਵਿਚ ਸਦੀਆਂ ਤੋਂ ਗੁਲਾਮੀ ਦੀ ਜੂਨ ਹੰਢਾ ਰਹੀ ਔਰਤ ਦੀ ਸਮਾਜਿਕ ਸਥਿਤੀ ਨੂੰ ਪੇਸ਼ ਕੀਤਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਅਜੇ ਵੀ ਸਤਿਕਾਰ ਦੀ ਥਾਂ ਤਿਰਸਕਾਰ ਦੀ ਪਾਤਰ ਬਣੀ ਹੋਈ ਹੈ ਅਖੌਤੀ ਨੈਤਿਕਤਾ ਅਤੇ ਪਰੰਪਰਾ ਦੇ ਨਾਂ ਤੇ ਔਰਤ ਨਾਲ ਅਜੇ ਵੀ ਖਿਲਵਾੜ ਹੋ ਰਿਹਾ ਹੈ ਪਰ ਬਲਵੀਰ ਢਿੱਲੋਂ ਦੀ ਕਵਿਤਾ ਵਿੱਚ ਪੇਸ਼ ਹੋਈ ਕਾਵਿ-ਨਾਇਕਾ ਆਪਣੀ ਹੋਂਦ ਅਤੇ ਹੋਣੀ ਨੂੰ ਇੱਕ ਨਵੇਂ ਅਰਥ ਪ੍ਰਦਾਨ ਕਰਦੀ ਹੈ। ਜਿਵੇਂ 'ਮੈਂ ਕੋਈ ਅਬਲਾ ਨਹੀਂ' ਨਾਂ ਦੀ ਕਵਿਤਾ ਵਿੱਚ ਉਹ ਜੁਝਾਰੂ ਸੁਰ ਨਾਲ ਆਖਦੀ ਹੈ—

ਮੈਂ ਕੋਈ ਅਬਲਾ ਨਹੀਂ ਜੋ ਡਰ ਜਾਵਾਂਗੀ।
ਮੈਂ ਕੋਈ ਕਾਇਰ ਨਹੀਂ ਜੋ ਮਰ ਜਾਵਾਂਗੀ।

ਬਲਵੀਰ ਢਿੱਲੋਂ ਨੇ ਆਪਣੀ ਕਵਿਤਾ ਵਿੱਚ ਧੜ੍ਹਿਆ, ਧਰਮਾਂ, ਰੰਗਾਂ, ਨਸਲਾਂ ਅਤੇ ਲਿੰਗ ਭੇਦ ਦਾ ਸ਼ਿਕਾਰ ਹੋਏ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਸੋਸ਼ਣ ਦਾ ਤਿੱਖਾ ਵਿਰੋਧ ਕੀਤਾ ਹੈ। ਉਸਨੇ ਆਪਣੀ ਕਵਿਤਾ ਦੀ ਮਾਰਫਤ ਹਰ ਵਧੀਕੀ ਦਾ ਕਰਾਰਾ ਜਵਾਬ ਦਿੱਤਾ ਹੈ। ਉਸਦੀ ਕਵਿਤਾ ਦੀ ਧਾਰ ਏਨੀ ਤਿੱਖੀ ਹੈ ਕਿ ਉਸਦੇ ਲਹੂ ਦੇ ਰਿਸ਼ਤੇ ਨਾਤੇ ਵੀ ਉਸ ਦੇ ਕਾਵਿਕ ਰੋਹ ਦਾ ਸ਼ਿਕਾਰ ਹੋਏ ਹਨ। ਕਹਿ ਸਕਦੇ ਹਾਂ ਕਿ ਢਿੱਲੋਂ ਦੀ ਕਾਵਿ ਨਾਇਕਾ ਜਿੱਥੇ ਸਮਾਜਿਕ ਵਿਸੰਗਤੀਆਂ ਉੱਤੇ ਹੱਲਾ ਬੋਲਦੀ ਹੈ ਉੱਥੇ ਉਹ ਆਪਣੇ ਲਹੂ ਮਾਸ ਦੇ ਰਿਸ਼ਤਿਆਂ ਨੂੰ ਵੀ ਕਲਮ ਦੀ ਨੋਕ ਹੇਠ ਰੱਖਦੀ ਹੈ। ਧੀ ਨੂੰ 'ਪਰਾਇਆ ਧਨ' ਕਹਿਣ ਵਾਲੀ ਉਕਤੀ ਪੰਜਾਬੀ ਜਨ ਜੀਵਨ ਵਿੱਚ ਧੀ ਦੀ (ਔਰਤ ਦੀ) ਸਮਾਜਿਕ ਸਥਿਤੀ ਦਾ ਸਟੀਕ ਚਿੰਨ੍ਹ ਹੈ। ਬਲਵੀਰ ਢਿੱਲੋਂ ਨੇ ਆਪਣੀ ਕਵਿਤਾ ਵਿੱਚ ਔਰਤ ਦੇ ਇਸੇ ਬਿੰਬ ਨੂੰ ਨਕਾਰ ਕੇ ਜੁਝਾਰੂ ਔਰਤ ਦਾ ਬਿੰਬ ਸਿਰਜਿਆ ਹੈ।

**—ਰਾਜਿੰਦਰ ਕੌਰ ਹੁੰਦਲ**


Academy of the Punjab in North America - APNA: http://www.apnaorg.com

## ਗੁਲਦਸਤਾ ਕਵਿਤਾਵਾਂ ਦਾ

ਪੜ੍ਹਕੇ ਮੇਰੀ ਹਰ ਰਚਨਾ ਨੂੰ
ਕਿਸੇ ਰੱਦੀ ਦਾ ਨਾ ਵਰਕਾ ਸਮਝਣਾ।

ਪੜ੍ਹਨਾ ਵਿਚਾਰਨਾ ਤੇ
ਸਮਝਣ ਦੀ ਕੋਸ਼ਿਸ਼ ਕਰਨਾ।

ਇਸ ਦੀ ਪੀੜ, ਦਰਦ, ਤਨਹਾਈ ਵਿਚ,
ਵਿਚਰਨ ਦੀ ਕੋਸ਼ਿਸ਼ ਕਰਨਾ।

ਇਸ ਵਿੱਚ ਜ਼ਿੰਦਗੀ ਦਾ ਹਰ ਪੱਖ ਅਹਿਸਾਸ,
ਉਕਰਣ ਦੀ ਕੋਸ਼ਿਸ਼ ਕੀਤੀ।

ਪੜ੍ਹਕੇ ਹਰ ਉਸ ਇਨਸਾਨ ਦਾ,
ਦੁੱਖ ਸਮਝਣ ਦੀ ਕੋਸ਼ਿਸ਼ ਕਰਨਾ।

ਮੈਂ ਜੋ ਗੁਲਦਸਤਾ ਬਣਾਇਆ ਕਵਿਤਾਵਾਂ ਦਾ,
ਇਸ ਵਿਚ ਹਰ ਰੰਗ ਭਰਨ ਦੀ ਕੋਸ਼ਿਸ਼ ਕੀਤੀ।

ਮੇਰੀ ਇਸ ਨਾਕਾਮ ਜਿਹੀ,
ਕੋਸ਼ਿਸ਼ ਨੂੰ ਸਵੀਕਾਰ ਕਰਨਾ।

ਪੜ੍ਹਕੇ ਮੇਰੀ ਹਰ ਰਚਨਾ ਨੂੰ,
ਕਿਸੇ ਰੱਦੀ ਦਾ ਨਾ ਵਰਕਾ ਸਮਝਣਾ।


Academy of the Punjab in North America - APNA: http://www.apnaorg.com

# ਰੋਸ਼ਨੀ ਦੇ ਦੀਪ

ਸਿਦਕ ਦੀ ਰੋਸ਼ਨੀ ਦਿਲ ਵਿਚ ਜਗਾ ਕੇ ਆਸ ਰੱਖਣਾ
ਬੁਝੇ ਹੋਏ ਦੀਵਿਆਂ ਤੋਂ ਨਾ ਕੋਈ ਧਰਵਾਸ ਰੱਖਣਾ।

ਕਾਇਆ ਦਾ ਭਰੇਗਾ ਕਾਸਾ ਰੂਹ ਵੀ ਤ੍ਰਿਪਤ ਹੋਵੇਗੀ
ਖੁਦਾ ਦੀ ਖਿਦਮਤ ਵਿਚ ਖੁਦ ਨੂੰ ਬਣਾ ਕੇ ਦਾਸ ਰੱਖਣਾ।

ਜੇ ਚੰਗੇ ਨਹੀਂ ਰਹੇ ਤਾਂ ਇਹ ਮਾੜੇ ਵੀ ਮੁੱਕ ਜਾਣੇ ਨੇ
ਤੂੰ ਆਪਣੀ ਨਜ਼ਰ ਨੂੰ ਨਿਰਮਲ, ਨੀਅਤ ਨੂੰ ਪਾਕ ਰੱਖਣਾ।

ਸਬਰ ਸੰਤੋਖ ਨਾਲ ਰੁੱਖੀ ਮਿੱਸੀ ਲਈ ਸ਼ੁਕਰ ਹੈ ਕਰਨਾ
ਪਰਾਈ ਚੋਪੜੀ ਦੀ ਬੰਦਿਆ ਨਾ ਝਾਕ ਰੱਖਣਾ।

ਹੌਂਸਲੇ ਬੁਲੰਦ, ਮਨ ਨੀਵਾ ਤੇ ਸਿਰ ਉਚਾ,
ਦੂਜਿਆਂ ਲਈ ਦਿਲ ਵਿਚ ਬਣਾ ਕੇ ਸਤਿਕਾਰ ਰੱਖਣਾ।

ਢੂੰਡਦੇ ਰਹਿਣਾ ਉਹ ਮਿਲੇਗਾ ਜ਼ਰੂਰ,
ਹਰ ਹਾਲਤ 'ਚ ਜਾਰੀ ਉਸਦੀ ਤਲਾਸ਼ ਰੱਖਣਾ।

ਦਿਲ ਵਿਚ ਰੋਸ਼ਨੀ ਦੇ ਦੀਪ ਜਗਾ ਕੇ ਰੱਖਣਾ,
ਐਵੇਂ ਨਾ ਬੁਝਿਆਂ ਚਿਰਾਗਾਂ ਤੋਂ ਆਸ ਰੱਖਣਾ।

ਸਿਦਕ ਦੀ ਰੋਸ਼ਨੀ ਦਿਲ ਵਿਚ ਜਗਾ ਕੇ ਆਸ ਰੱਖਣਾ
ਬੁਝੇ ਹੋਏ ਦੀਵਿਆਂ ਤੋਂ ਨਾ ਕੋਈ ਧਰਵਾਸ ਰੱਖਣਾ।


Academy of the Punjab in North America - APNA: http://www.apnaorg.com

# ਮੇਰਾ ਇਸ਼ਕ ਰੂਹਾਨੀ

ਮੇਰਾ ਇਸ਼ਕ ਰੂਹਾਨੀ, ਹੁਣ ਤਾਂ ਅਜ਼ਮਾਉਣਾ ਛੱਡ ਦੇ।
ਕਦੇ ਤੱਕ ਸਹਾਂਗੇ ਸਿਤਮ, ਹੁਣ ਤਾਂ ਸਤਾਉਣਾ ਛੱਡ ਦੇ।

ਮਹਿਰਮ ਵੇ ਹੁਣ ਤਾਂ ਦੱਸਦੇ ਕਿੰਨਾ ਕੁ ਹੋਰ ਅਜਮਾਏਂਗਾ,
ਕਿੱਦਾਂ ਛੁਪਾਵਾਂ ਚੀਸ ਦਿਲ ਦੀ ਹੁਣ ਤਾਂ ਰਵਾਉਣਾ ਛੱਡ ਦੇ।

ਖੋਹਲ ਵੀ ਦੇ ਘੁੰਡੀਆਂ ਕੀ ਏ ਦਿਲ ਵਿਚ ਤੇਰੇ,
ਬੇਸਮਝ ਨੂੰ, ਲਾਰਿਆਂ ਨਾਲ ਬਹਿਲਾਉਣਾ ਛੱਡ ਦੇ।

ਖੜ੍ਹ ਗਏ ਹਾਂ ਮਰ ਮਿਟਣ ਲਈ ਨਾਲ ਤੇਰੇ,
ਮਹਿਰਮ ਵੇ ਮੇਰਿਆ ਹੁਣ ਤਾਂ ਖਿੜਕਾਉਣਾ ਛੱਡ ਦੇ।

ਪਾ ਦੇ ਤੂੰ ਖ਼ੈਰ ਪਿਆਰ ਵਾਲੀ ਠੂਠੇ ਮੇਰੇ,
ਹੁਣ ਤਾਂ ਸਭ ਗੁੱਸੇ ਗਿਲੇ ਦਿਲੋਂ ਤੂੰ ਕੱਢ ਦੇ।

ਮੇਰਾ ਇਸ਼ਕ ਰੂਹਾਨੀ ਹੁਣ ਤਾਂ ਅਜ਼ਮਾਉਣਾ ਛੱਡ ਦੇ,
ਕਦ ਤੱਕ ਸਹਾਂਗੇ ਸਿਤਮ, ਹੁਣ ਤਾਂ ਸਤਾਉਣਾ ਛੱਡ ਦੇ।


Academy of the Punjab in North America - APNA: http://www.apnaorg.com

# ਤੇਰੇ ਜਿਹਾ ਕੋਈ ਲੱਭਿਆ ਨਾ

ਤੇਰੇ ਜਿਹਾ ਕੋਈ ਲੱਭਿਆ ਨਾ ਹੀ
ਵੇ ਮੇਰੇ ਵਰਗੇ ਲੱਖ।

ਵੇਖ ਵੇਖ ਮੈਂ ਆਪਣੇ ਔਗੁਣ,
ਰੱਬ ਜੀ, ਗਈ ਹਾਂ ਅੱਕ।

ਹਰ ਕੋਈ ਗਹਿਰਾ ਗਹਿਰਾ ਤੱਕੇ,
ਹਰ ਜ਼ਹਿਰੀਲੀ ਤੱਕਣੀ, ਟੂਣੇਹਾਰੀ ਅੱਖ।

ਇਹ ਦੁਨੀਆਂ ਮੈਨੂੰ ਰਾਸ ਨਹੀਂ ਆਉਂਦੀ,
ਜੀਅ ਜੀਅ ਗਈ ਹਾਂ ਥੱਕ।

ਜਾਂ ਰੱਬ ਮੈਨੂੰ ਚਰਨੀਂ ਲਾ ਲੈ,
ਵੇ ਨਹੀਂ ਤਾਂ ਲੈ ਹੁਣ ਚੱਕ।

ਕੌਝੀ ਕਮਲੀ ਝੱਲੀ ਹਾਂ ਜੇ,
ਦੱਸ ਮੇਰੇ ਕੀ ਵੱਸ?

ਤੇਰੇ ਜਿਹਾ ਕੋਈ ਲੱਭਿਆ ਨਾ ਹੀ,
ਵੇ ਮੇਰੇ ਵਰਗੇ ਲੱਖ।


Academy of the Punjab in North America - APNA: http://www.apnaorg.com

## ਜਦੋਂ ਬਾਗੀਂ ਫੁੱਲ ਕੁਮਲਾਏ ਸੀ

ਜਦੋਂ ਬਾਗੀਂ ਫੁੱਲ ਕੁਮਲਾਏ ਸੀ,
ਸਾਡੇ ਆਪਣਿਆਂ ਰੰਗ ਵਟਾਏ ਸੀ।

ਚੰਦ ਛਿੱਲੜਾਂ ਖ਼ਾਤਿਰ ਉਹਨਾਂ ਨੇ
ਗਿਰਗਟ ਵਾਂਗ ਰੰਗ ਵਟਾਏ ਸੀ।

ਕੁਫਰ ਝੂਠ ਤੇ ਪਰਦਾ ਪਾਉਣ ਲਈ,
ਸਭ ਰਿਸ਼ਤੇ ਦਾਅ ਤੇ ਲਾਏ ਸੀ।

ਲਹੂਆਂ ਵਿਚ ਪੈ ਗਿਆ ਪਾਣੀ ਸੀ,
ਆਪਣਿਆਂ ਦਗ਼ੇ ਕਮਾਏ ਸੀ।

ਸਾਨੂੰ ਦਿਨ ਦਿਹਾੜੇ ਲੁੱਟਿਆ ਸੀ।
ਇਲਜ਼ਾਮ ਸਾਡੇ ਤੇ ਲਾਏ ਸੀ।

ਮੂੰਹ ਭਾਈਆਂ ਨੇ ਤਾਂ ਫੇਰੇ ਸੀ,
ਮਾਪਿਆਂ ਵੀ ਰੰਗ ਵਟਾਏ ਸੀ।

ਇਕ ਮਾਇਆ ਮੋਹਣੀ ਦੀ ਖ਼ਾਤਿਰ,
ਸਭ ਹੱਥ ਕੰਡੇ ਅਪਣਾਏ ਸੀ।

ਸਾਨੂੰ ਹਰ ਥਾਂ ਗਲਤ ਦਿਖਾਉਣ ਲਈ,
ਸਭ ਦੋਸ਼ ਨਜਾਇਜ਼ ਲਗਾਏ ਸੀ।

ਜਦੋਂ ਬਾਗੀਂ ਫੁੱਲ ਕੁਮਲਾਏ ਸੀ,
ਸਾਡੇ ਆਪਣਿਆਂ ਰੰਗ ਵਟਾਏ ਸੀ।


Academy of the Punjab in North America - APNA: http://www.apnaorg.com

# ਦਿਲ ਨੂੰ ਮੋਮ ਵਾਂਗ ਪਿਘਲਾ ਲੈ

ਦਿਲ ਨੂੰ ਮੋਮ ਵਾਂਗ ਪਿਘਲਾ ਲੈ।
ਕੱਢ ਕੇ ਨਫਰਤ ਪਿਆਰ ਵਸਾ ਲੈ।

ਛੱਡ ਦੁਸ਼ਮਣੀ ਕੱਢ ਦਿਲਾਂ 'ਚੋਂ,
ਆ ਮਿਲ ਸੱਜਣਾ ਗਲ਼ ਨਾਲ ਲਾ ਲੈ।

ਕੋਈ ਨਾ ਪਤਾ ਘੜੀ 'ਤੇ ਪਲ ਦਾ,
ਆਪਣੀ 'ਮੈਂ' ਨੂੰ ਮਾਰ ਮੁਕਾ ਲੈ।

ਜ਼ਿੰਦਗੀ ਲੰਘ ਗਈ ਰੋ-ਕੁਰਲਾ ਕੇ
ਆ ਬਹਿ ਦੋ ਪਲ ਹੱਸ ਬਿਤਾ ਲੈ।

ਬਹਿ ਕੇ ਕਰ ਲਈਆਂ ਸਭ ਦੀਆਂ ਗੱਲਾਂ,
ਦੋ ਪਲ ਰੱਬ ਦਾ ਨਾਮ ਧਿਆ ਲੈ।

ਅੱਜ ਬਲਵੀਰ ਨੇ ਕੋਸ਼ਿਸ਼ ਕੀਤੀ,
ਕਦਮਾਂ ਨਾਲ ਤੂੰ ਕਦਮ ਮਿਲਾ ਲੈ।

ਦਿਲ ਨੂੰ ਮੋਮ ਵਾਂਗ ਪਿਘਲਾ ਲੈ,
ਕੱਢ ਕੇ ਨਫ਼ਰਤ ਪਿਆਰ ਵਸਾ ਲੈ।


Academy of the Punjab in North America - APNA: http://www.apnaorg.com

## ਮਮਤਾ ਹੱਥੋਂ ਥੁੜੀਆਂ

ਕੁਝ ਏਹੋ ਜਿਹੀਆਂ ਕੁੜੀਆਂ ਨੇ,
ਜੋ ਮਮਤਾ ਹੱਥੋਂ ਥੁੜੀਆਂ ਨੇ।

ਕੁਝ ਕਾਇਆ ਧਾਰਨ ਤੋਂ ਪਹਿਲਾਂ ਹੀ,
ਮਾਵਾਂ ਦੀ ਕੁੱਖ ਵਿੱਚ ਮਰੀਆਂ ਨੇ।

ਕੁਝ ਕੁੜੀਆਂ ਤਾਂ ਇਸ ਕਲਯੁੱਗ ਵਿਚ,
ਬਲੀ ਦਾਜ ਦੀ ਚੜ੍ਹੀਆਂ ਨੇ।

ਕੁਝ ਮਾਪੇ ਕਹਿਣ ਬੇਗਾਨ ਧੰਨ,
ਕੁਝ ਸਹੁਰੇ ਘਰ ਵੀ ਸੜੀਆਂ ਨੇ।


Academy of the Punjab in North America - APNA: http://www.apnaorg.com

ਕੁਝ ਜ਼ੁਲਮ ਨੂੰ ਚੁੱਪ-ਚਾਪ ਸਹਿ ਕੇ,
ਆਪੇ ਵਿਚ ਘੁੱਟ ਘੁੱਟ ਮਰੀਆਂ ਨੇ।

ਇਹਨਾਂ ਆਪਣੀ ਜੂਨ ਹੰਢਾਈ ਨਾ,
ਕਠਪੁਤਲੀ ਬਣਕੇ ਰਹੀਆਂ ਨੇ।

ਕੁਝ ਜ਼ੁਲਮ ਦੇ ਸਾਹਵੇਂ ਡਟ ਗਈਆਂ,
ਆਪਣੇ ਹੱਕਾਂ ਲਈ ਲੜੀਆਂ ਨੇ।

ਕੁਝ ਬਦਨਾਮੀ ਦੇ ਡਰ ਖ਼ਾਤਿਰ,
ਹਰ ਜ਼ੁਲਮ ਦੇ ਧੱਕੇ ਚੜ੍ਹੀਆਂ ਨੇ।

ਕੁਝ ਮਾਪਿਆਂ  ਲੜ ਲਾਈਆਂ ਬੁਢਿਆਂ ਦੇ,
ਕਿੰਝ ਇਨ੍ਹਾਂ ਬੱਚੀਆਂ ਦੀਆਂ ਕਿਸਮਤਾਂ ਸੜੀਆਂ ਨੇ।

ਕਿਉਂ ਕੁੜੀਆਂ ਦੀ ਅੱਖ ਹੀ ਰੋਈ ਏ
ਕਿੰਝ ਦਿਲਾਂ ਦੀਆਂ ਸੱਧਰਾਂ ਮਰੀਆਂ ਨੇ।

ਓਏ ਰੱਬ ਦੇ ਬੰਦਿਓ ਹੋਸ਼ ਕਰੋ
ਇਹ ਕੁੜੀਆਂ ਮੱਝਾਂ ਗਾਵਾਂ ਨਹੀਂ
ਇਹ ਰੱਬ ਦੀਆਂ ਭੇਜੀਆਂ ਪਰੀਆਂ ਨੇ।

ਰੱਬਾ! ਸਿਰਜ ਨਵਾਂ ਇਤਿਹਾਸ ਕੋਈ,
ਹੁਣ ਸਭ ਦੀਆਂ ਬਾਹਵਾਂ ਖੜ੍ਹੀਆਂ ਨੇ।

ਇਹ ਪਿਆਰ ਤੋਂ ਵਾਂਝੀਆਂ ਨਾ ਰਹਿਣ ਕਦੇ,
ਅੱਜ ਬਲਵੀਰ ਹੱਥ ਜੋੜ ਦੁਆਵਾਂ ਕਰੀਆਂ ਨੇ।
ਅੱਜ ਬਲਵੀਰ ਹੱਥ ਜੋੜ ਦੁਆਵਾਂ ਕਰੀਆਂ ਨੇ।


Academy of the Punjab in North America - APNA: http://www.apnaorg.com

## ਕਿਸਨੂੰ ਸੁਣਾਵਾਂ ਹਾਲ ਦਿਲ ਦਾ

ਕਿਸਨੂੰ ਸੁਣਾਵਾਂ ਹਾਲ ਦਿਲ ਦਾ,
ਕਿਸਨੂੰ ਸੁਣਾਵਾਂ ਪੀੜ ਦਿਲ ਦੀ,
ਇਹ ਜੱਗ ਪਰਾਇਆ ਹੋ ਗਿਆ।

ਲਵਾਂ ਮੂੰਹ ਤੇ ਜੰਦਰਾ ਮਾਰ,
ਦਿਲ ਕਰਦਾ ਲਵਾਂ ਬੁੱਲਾਂ ਨੂੰ ਸੀਅ
ਇਹ ਜੱਗ ਪਰਾਇਆ ਹੋ ਗਿਆ।

ਚਿੱਤ ਕਰਦੈ ਚੁੱਪ ਵੱਟ ਲਵਾਂ
ਨਹੀਂ ਕਰਦੈ ਹੁਣ ਬੋਲਣ ਨੂੰ ਜੀਅ
ਇਹ ਜੱਗ ਪਰਾਇਆ ਹੋ ਗਿਆ।

ਮੋਹ ਦੇ ਤੰਦ ਸਭ ਤੋੜ ਕੇ
ਆਪਣੇ ਆਪੇ ਵਿਚ ਲਵਾਂ ਜੀਅ
ਇਹ ਜੱਗ ਪਰਾਇਆ ਹੋ ਗਿਆ।

ਮਤਲਬ ਦੇ ਸਭ ਲੋਕ ਨੇ
ਇਸ ਦੁਨੀਆਂ ਦੇ ਕੀ ਸ਼ੌਕ ਨੇ
ਇਹ ਜੱਗ ਪਰਾਇਆ ਹੋ ਗਿਆ।

ਉਹ ਸਭ ਕੁਝ ਝੂਠ, ਛਲਾਵਾ ਸੀ
ਉਹ ਗਿਆ ਇਹ ਆਵਾ ਸੀ
ਇਹ ਜੱਗ ਪਰਾਇਆ ਹੋ ਗਿਆ।

ਕਿਸਨੂੰ ਸੁਣਾਵਾਂ ਹਾਲ ਦਿਲ ਦਾ
ਕਿਸਨੂੰ ਸੁਣਾਵਾਂ ਪੀੜ ਦਿਲ ਦੀ
ਇਹ ਜੱਗ ਪਰਾਇਆ ਹੋ ਗਿਆ।


Academy of the Punjab in North America - APNA: http://www.apnaorg.com

## ਮੈਂ ਕੋਈ ਅਬਲਾ ਨਹੀਂ

ਮੈਂ ਕੋਈ ਅਬਲਾ ਨਹੀਂ ਜੋ ਡਰ ਜਾਵਾਂਗੀ।
ਮੈਂ ਕੋਈ ਕਾਇਰ ਨਹੀਂ ਜੋ ਮਰ ਜਾਵਾਂਗੀ।

ਤੂੰ ਤੂਫ਼ਾਨਾਂ 'ਚ ਜਦ ਵੀ ਮੈਨੂੰ ਖੜ੍ਹਾ ਕੀਤਾ
ਉਸਦੀ ਰਹਿਮਤ ਨਾਲ ਭਵ ਸਾਗਰ ਵੀ ਤਰ ਜਾਵਾਂਗੀ।

ਤੂੰ ਮੈਨੂੰ ਕਾਇਰ ਬੁਜ਼ਦਿਲ ਬਣਾਉਣ ਦੀ ਕੋਸ਼ਿਸ਼ ਨਾ ਕਰ,
ਝਾਂਸੀ ਦੀ ਰਾਣੀ ਵਾਂਗ ਮੈਦਾਨ 'ਚ ਲੜ ਜਾਵਾਂਗੀ।

ਮੈਂ ਨਿਰਮਲ ਰੂਹ ਦੀ ਕਾਇਆ ਹਾਂ ਪਾਕਿ ਪਵਿੱਤਰ ਨਾਤਾ ਹਾਂ
ਮੈਲੀ ਨਜ਼ਰ ਨਾਲ ਨਾ ਦੇਖੋ ਜਿਊਂਦੇ ਜੀਅ ਮਰ ਜਾਵਾਂਗੀ।

ਕਿਉਂ ਮੈਂ ਵਾਰਿਸ ਨਹੀਂ ਬਣ ਸਕਦੀ, ਮਾਪਿਆਂ ਦੀਆਂ ਜਗੀਰਾਂ ਦੀ,
ਇੱਕ ਔਰਤ ਹੋ ਕੇ ਵੀ ਜਗੀਰਾਂ ਦੇ ਵਾਰਿਸ ਪੈਦਾ ਕਰ ਜਾਵਾਂਗੀ।

ਕਿਉਂ ਹੰਕਾਰ ਹੈ ਤੁਹਾਨੂੰ ਮਰਦ ਹੋਣ ਦਾ
ਗੁਰੂਆਂ ਪੀਰਾਂ ਨੂੰ ਜਨਮ ਦੇ ਕੇ, ਇਕ ਨਵਾਂ ਇਤਿਹਾਸ ਪੈਦਾ ਕਰ ਜਾਵਾਂਗੀ।

ਪੈਰ ਦੀ ਜੁੱਤੀ ਨਹੀਂ, ਸਿਰਾਂ ਦਾ ਤਾਜ ਹਾਂ ਮੈਂ,
ਇਕ ਮੌਕਾ ਤਾਂ ਦਿਉ ਜ਼ਰਾ, ਮੈਂ ਇਹ ਵੀ ਸਾਬਤ ਕਰ ਜਾਵਾਂਗੀ।

ਰੱਬ ਦੀਆਂ ਰਹਿਮਤਾਂ ਨੇ ਇਹ ਧੀਆਂ ਰਾਣੀਆਂ,
ਤੁਹਾਡੇ ਸਿਰ ਉੱਚੇ ਕਰਨਗੀਆਂ, ਮੈਂ ਇਹ ਸਾਬਤ ਕਰ ਜਾਵਾਂਗੀ।

ਹੁਣ ਬਦਲੋ ਤੁਸੀਂ ਆਪਣੀ ਇਸ ਸੌੜੀ ਸੋਚ ਨੂੰ
ਮੈਂ ਕਲਪਨਾ ਚਾਵਲਾ ਬਣ ਅਸਮਾਨਾਂ ਤੇ ਵੀ ਚੜ੍ਹ ਜਾਵਾਂਗੀ।

ਮੈਂ ਕੋਈ ਅਬਲਾ ਨਹੀਂ, ਕਾਇਰ ਨਹੀਂ
ਮੈਂ ਆਪਣੀ ਸੋਚ ਨੂੰ 'ਢਿਲੋਂ' ਇਸ ਕਦਰ ਰੋਸ਼ਨ ਕਰ ਜਾਵਾਂਗੀ।


Academy of the Punjab in North America - APNA: http://www.apnaorg.com

## 'ਰੱਤਾ ਪਲੰਘ' ਨਵਾਰੀ ਡਾਹਿਆ

ਰੱਤਾ ਪਲੰਘ ਨਵਾਰੀ ਡਾਹਿਆ,
ਉਸਨੂੰ ਦਿਲ ਦਾ ਮਾਸ ਖਵਾਇਆ।

ਖ਼ੁਦ ਕੰਡਿਆਂ ਦੇ ਬਿਸਤਰ ਸੌਂ ਕੇ,
ਉਸਨੂੰ ਫੁੱਲਾਂ ਦੀ ਸੇਜ ਸੁਲਾਇਆ।

ਜਿਸਦੀ ਯਾਦ 'ਚ ਦੀਦੇ ਗਾਲੇ
ਉਸਨੂੰ ਇਹ ਦਿਲ ਰਾਸ ਨਈ ਆਇਆ।

ਮੰਗਦੇ ਰਹੇ ਦੁਆਵਾਂ ਜਿਸ ਲਈ,
ਉਸਨੇ ਦਿਲ ਹੱਥ ਤੋੜ ਫੜਾਇਆ।

ਬਿਰਹੇ ਦੀ ਅੱਗ ਸੀਨੇ ਬਾਲੀ,
ਫੱਟ ਐਸਾ ਉਸ ਸੀਨੇ ਲਾਇਆ।

ਦੇਖ ਸਕੇ ਨਾ ਦਿਲ ਦੀਆਂ ਸੱਧਰਾਂ
ਅਰਮਾਨਾਂ ਦਾ ਕਤਲ ਕਰਾਇਆ।

ਜਜ਼ਬਾਤਾਂ ਦੀ ਕਦਰ ਨਾ ਕੋਈ,
ਬੇਕਦਰਾਂ ਨਾ ਦਰਦ ਵੰਡਾਇਆ।

'ਢਿੱਲੋਂ' ਨੇ ਤਾਂ ਹਰ ਕੋਸ਼ਿਸ਼ ਕੀਤੀ,
ਉਹ ਮਗਰੂਰ ਨਾ ਨੇੜੇ ਆਇਆ।

ਰੱਤਾ ਪਲੰਘ ਨਵਾਰੀ ਡਾਹਿਆ,
ਉਸਨੂੰ ਦਿਲ ਦਾ ਮਾਸ ਖਵਾਇਆ।


Academy of the Punjab in North America - APNA: http://www.apnaorg.com

## ਵਾ-ਵਰੋਲੇ ਵਰਗੀ ਜ਼ਿੰਦਗੀ

ਵਾ-ਵਰੋਲੇ ਵਰਗੀ ਜ਼ਿੰਦਗੀ,
ਉਘੜ-ਦੁੱਘੜ ਚਲਦੀ ਏ।

ਕੀ ਕਰਾਂ ਏਹ ਵਕਤ ਦੀ ਮਾਰ,
ਨਾ ਕਿਸੇ ਪਾਸਿਉਂ ਠੱਲਦੀ ਏ।

ਉਚੇ ਨੀਵੇਂ ਰਸਤੇ ਸਾਰੇ,
ਹਰ ਪਾਸੇ ਭਾਂਬੜ ਬਲਦੀ ਏ।

ਧੱਕਾ-ਠੱਗੀ-ਠੌਰੀ ਇਥੇ
ਬਸ ਪੈਸੇ ਵਾਲੇ ਦੀ ਚੱਲਦੀ ਏ।

ਮਜ਼ਲੂਮਾਂ ਦਾ ਖ਼ੂਨ ਚੂਸਦੇ
ਤਾਹੀਓਂ ਇਨ੍ਹਾਂ ਦੀ ਕੁਰਸੀ ਚਲਦੀ ਏ।

ਵਾ-ਵਰੋਲੇ ਵਰਗੀ ਜ਼ਿੰਦਗੀ
ਉਘੜ-ਦੁੱਘੜ ਚਲਦੀ ਏ।


Academy of the Punjab in North America - APNA: http://www.apnaorg.com

# 'ਦੂਰ ਕਿਨਾਰੇ' ਲੈ ਗਏ ਆ

ਕਿੱਥੋਂ ਚੱਲੇ ਸੀ ਕਿੱਥੇ ਬਹਿ ਗਏ ਹਾਂ।
ਵੇ ਅਸੀਂ ਤੇਰੇ ਹੀ ਜੋਗੇ ਰਹਿ ਗਏ ਹਾਂ।

ਬੇੜੀ ਸਾਡੀ ਵਿਚ ਮੰਝਧਾਰ ਫਿਰੇ,
ਸਾਨੂੰ ਦੂਰ ਕਿਨਾਰੇ ਲੈ ਗਏ ਆ।

ਮੇਰੀ ਮੰਜ਼ਿਲ ਦਾ ਨਾ ਪੜਾਅ ਕੋਈ
ਮੇਰੇ ਦਰਦਾਂ ਦੀ ਨਾ ਦਵਾ ਕੋਈ
ਅਸੀਂ ਹੌਕਿਆਂ ਜੋਗੇ ਰਹਿ ਗਏ ਹਾਂ।

ਤੇਰੀ ਦੱਸੀ ਹੋਈ ਮੰਜ਼ਿਲ ਲੱਭਦੀ ਨਹੀਂ,
ਬਣ ਤਿਣਕਾ ਤਿਣਕਾ ਵਹਿ ਗਏ ਹਾਂ।

ਤੇਰੇ ਦਿਨੇ ਦਿਖਾਇਆਂ ਸੁਪਨਿਆਂ ਨੂੰ
ਅਸੀਂ ਸੱਚ ਬਣਾ ਕੇ ਬਹਿ ਗਏ ਹਾਂ।

ਆਪਣੇ ਆਪ 'ਚੋਂ ਆਪਾ ਲੱਭਣ ਲਈ,
ਖ਼ੁਦ ਬੁਝਾਰਤ ਬਣ ਰਹਿ ਗਏ ਹਾਂ।

ਲੋਕਾਂ ਦੇ ਦਰਦ ਮਿਟਾਉਣ ਲਈ
ਖ਼ੁਦ ਹੀ ਦਰਦਾਂ ਦੇ ਦਰਿਆ ਵਿਚ ਵਹਿ ਗਏ ਹਾਂ।

ਕਿੱਥੋਂ ਚੱਲੇ ਸੀ ਕਿੱਥੇ ਬਹਿ ਗਏ ਹਾਂ।
ਵੇ ਅਸੀਂ ਤੇਰੇ ਹੀ ਜੋਗੇ ਰਹਿ ਗਏ ਹਾਂ।


Academy of the Punjab in North America - APNA: http://www.apnaorg.com

## ਪੱਥਰ ਦੀਆਂ ਮੂਰਤਾਂ

ਕੀ ਲੋੜ ਸੀ ਬਣਾਉਣ ਦੀ ਪੱਥਰ ਦੀਆਂ ਮੂਰਤਾਂ
ਜੇ ਪੁਜਾਰੀਆਂ ਦਿਲ ਵਿਚ ਰੱਬ ਵਸਾਇਆ ਹੁੰਦਾ।

ਕੀ ਲੋੜ ਸੀ ਜਾ ਕੇ ਗੰਗਾ ਵਿਚ ਨਹਾਉਣ ਦੀ,
ਜੇ ਲੋਕਾਂ ਗਿਆਨ ਦੇ ਸਾਗਰ ਵਿੱਚ ਗੋਤਾ ਲਾਇਆ ਹੁੰਦਾ।

ਕੀ ਲੋੜ ਸੀ ਪੰਡਿਤਾਂ ਤੇ ਪਾਖੰਡੀ ਸਾਧਾਂ ਨੂੰ ਪੂਜਣ ਦੀ,
ਜੇ ਲੋਕਾਂ ਦਿਲ ਤੋਂ ਧਰਮ ਨੂੰ ਅਪਣਾਇਆ ਹੁੰਦਾ।

ਕੀ ਲੋੜ ਸੀ ਥਾਂ-ਥਾਂ ਜਾ ਕੇ ਟੇਕਣ ਦੀ ਮੱਥੇ,
ਜੇ ਲੋਕਾਂ ਬਾਬੇ ਨਾਨਕ ਦਾ ਰਾਹ ਅਪਣਾਇਆ ਹੁੰਦਾ।


Academy of the Punjab in North America - APNA: http://www.apnaorg.com

## ਨਾ-ਸ਼ੁਕਰਾ ਇਨਸਾਨ

ਮੈਂ ਨਾ-ਸ਼ੁਕਰਾ ਜਿਹਾ ਅਦਨਾ ਇਨਸਾਨ ਹਾਂ,
ਕਦੇ ਤੇਰਾ ਸ਼ੁਕਰ ਮਨਾਉਂਦਾ ਨਹੀਂ।

ਤੂੰ ਸਭ ਕੁਝ ਮੈਨੂੰ ਦੇਵੇਂ,
ਮੈਂ ਫਿਰ ਵੀ ਖੁਸ਼ੀ ਮਨਾਉਂਦਾ ਨਹੀਂ।

ਮੈਂ ਨਾਲ ਗੁਨਾਹਾਂ ਭਰਿਆ ਹਾਂ,
ਕਦੇ ਫਿਰ ਵੀ ਭੁੱਲ ਬਖਸ਼ਾਉਂਦਾ ਨਹੀਂ।

ਤੂੰ ਮੇਰੀ ਔਕਾਤ ਤੋਂ ਵੱਧ ਹੀ ਦੇਵੇਂ
ਪਰ ਦੇ ਕੇ ਕਦੇ ਜਤਾਉਂਦਾ ਨਹੀਂ।

ਇਹ ਦੌਲਤਾਂ ਇਹ ਸ਼ੌਹਰਤਾਂ ਤੇਰੀ ਹੀ ਦੇਣ ਨੇ
ਫਿਰ ਵੀ ਮੈਨੂੰ ਕਿਉਂ ਸਬਰ ਆਉਂਦਾ ਨਹੀਂ।

ਕਿਉਂ ਡਰਦਾ ਨਹੀਂ ਗੁਨਾਹਾਂ ਤੋਂ ਮੈਂ
ਕਿਉਂ ਮੈਨੂੰ ਤੇਰੀ ਹੋਂਦ ਦਾ ਡਰ ਆਉਂਦਾ ਨਹੀਂ।

ਕਿਉਂ ਦਬਾਉਂਦਾ ਹਾਂ ਬੇਵੱਸ ਤੇ ਲਚਾਰਾਂ ਨੂੰ
ਕਿਉਂ ਡਿੱਗਿਆਂ ਨੂੰ ਫੜ ਕੇ ਗਲ ਲਾਉਂਦਾ ਨਹੀਂ।

ਡਿੱਗਦੇ ਢਹਿੰਦੇ ਦੀ ਬਾਂਹ ਫੜੀ ਤੂੰ ਮੇਰੀ,
ਤੇਰੇ ਬਿਨਾਂ ਦੁੱਖ ਵਿੱਚ ਨੇੜੇ ਕੋਈ ਆਉਂਦਾ ਨਹੀਂ।

ਜੀਅ ਰਹੇ ਹਾਂ ਇਸ ਫੋਕੀ ਦੁਨੀਆਂ 'ਚ ਕਿਉਂ,
ਕਿਉਂ ਤੇਰੀ ਰਜ਼ਾ 'ਚ ਰਹਿਣਾ ਆਉਂਦਾ ਨਹੀਂ।

ਮੇਰੀ ਮੇਰੀ 'ਚ ਢਿੱਲੋਂ ਜੋ ਬੇਚੈਨ ਹੈ,
ਫਿਰ ਤੂੰ ਹੀ ਤੂੰ ਕਿਉਂ ਧਿਆਉਂਦਾ ਨਹੀਂ।

ਮੈਂ ਨਾ-ਸ਼ੁਕਰਾ ਜਿਹਾ ਅਦਨਾ ਇਨਸਾਨ ਹਾਂ,
ਕਦੇ ਤੇਰਾ ਸ਼ੁਕਰ ਮਨਾਉਂਦਾ ਨਹੀਂ।


Academy of the Punjab in North America - APNA: http://www.apnaorg.com

# ਮੈਂ ਯਾਰ ਬਦਲਦੇ ਦੇਖੇ ਨੇ

ਮੈਂ ਯਾਰ ਬਦਲਦੇ ਦੇਖੇ ਨੇ।
ਦਿਲਦਾਰ ਬਦਲਦੇ ਦੇਖੇ ਨੇ।

ਮੈਂ ਪੈਸੇ ਖਾਤਰ ਕਈਆਂ ਦੇ
ਕਿਰਦਾਰ ਬਦਲਦੇ ਦੇਖੇ ਨੇ।

ਕਦੇ ਇਸ ਪਾਸੇ, ਕਦੇ ਉਸ ਪਾਸੇ
ਹੱਥ ਠੋਕਾ ਬਣ ਗਏ ਲੋਕਾਂ ਦੇ ਇਤਬਾਰ ਬਦਲਦੇ ਦੇਖੇ ਨੇ।

ਵੱਡੀਆਂ ਵੱਡੀਆਂ ਗੱਲਾਂ ਨਾਲ ਭਰਮਾਉਂਦੇ ਜੋ
ਵਕਤ ਪੈਣ ਤੇ ਉਹਨਾਂ ਦੇ ਸੰਸਕਾਰ ਬਦਲਦੇ ਦੇਖੇ ਨੇ।

ਲੋਕਾਂ ਲਈ ਜੋ ਉਪਦੇਸ਼ਕ ਨੇ ਧਰਮਾਂ ਦੇ ਜੋ ਪ੍ਰਚਾਰਕ ਨੇ
ਮੈਂ ਉਹਨਾਂ ਦੇ ਵੀ ਅੱਜ ਭਲਕੇ ਮਿਆਰ ਬਦਲਦੇ ਦੇਖੇ ਨੇ।

ਭੀੜ ਪਈ ਤੋਂ ਜਿਹੜੇ ਕਿਸੇ ਦੇ ਕੰਮ ਆਉਂਦੇ ਨਾ
ਮੈਂ ਏਹੋ ਜਿਹੇ ਵੀ ਸੱਜਣ ਤੇ ਦਿਲਦਾਰ ਬਦਲਦੇ ਦੇਖੇ ਨੇ।

'ਢਿੱਲੋਂ' ਕਹਿਣੀ ਤੇ ਕਰਨੀ ਤੇ ਕੋਈ ਵਿਰਲਾ-ਟਾਵਾਂ ਖੜ੍ਹਦਾ ਏ,
ਮੈਂ ਪੈਰ ਪੈਰ ਤੇ ਬਹੁਤੇ ਇਨਸਾਨ ਬਦਲਦੇ ਦੇਖੇ ਨੇ।

ਮੈਂ ਯਾਰ ਬਦਲਦੇ ਦੇਖੇ ਨੇ।
ਦਿਲਦਾਰ ਬਦਲਦੇ ਦੇਖੇ ਨੇ।


Academy of the Punjab in North America - APNA: http://www.apnaorg.com

# ਹੁੰਦੇ ਯਾਰ ਜੋ ਬਨਾਉਟੀ

ਹੁੰਦੇ ਯਾਰ ਜੋ ਬਨਾਉਟੀ ਕਦੇ ਹੁੰਦੇ ਨਹੀਉਂ ਮਿੱਤ,
ਫੁੱਲ ਕਾਗਜ਼ਾਂ ਦੇ ਸੱਜਣਾ ਵੇ ਮਹਿਕਦੇ ਕਦੋਂ ਨੇ।

ਜਿਹੜੇ ਉੱਡਦੇ ਪਰਿੰਦਿਆਂ ਦੇ ਕੱਟੇ ਜਾਣ ਖੰਭ,
ਦੱਸੋ ਬਾਗਾਂ ਵਿਚ ਭਲਾ ਉਹ ਚਹਿਕਦੇ ਕਦੋਂ ਨੇ।

ਜਿਹਨਾਂ ਖਾਧੇ ਹੋਏ ਸੀਨਿਆਂ 'ਚ ਹਿਜਰਾਂ ਦੇ ਫੱਟ,
ਉਹੋ ਮਰ ਜਾਣ ਜੀਉਂਦੇ ਭਲਾ ਸਹਿਕਦੇ ਕਦੋਂ ਨੇ।

ਜਿਨ੍ਹਾਂ ਸਿੱਖ ਲਈ ਜ਼ਿੰਦਗੀ ਜਿਊਣ ਵਾਲੀ ਜਾਚ,
ਕਦਮ ਫਿਰ ਭਲਾ ਉਹਨਾਂ ਦੇ ਬਹਿਕਦੇ ਕਦੋਂ ਨੇ।

ਜਿਹਨਾਂ ਪੀਤੇ ਹੋਣ ਜਾਮ ਮਹਿਬੂਬ ਦਿਆਂ ਨੈਣਾਂ ਵਿਚੋਂ,
ਉਹੋ ਮੈਖਾਨਿਆਂ 'ਚ ਜਾਕੇ ਭਲਾ ਟਹਿਕਦੇ ਕਦੋਂ ਨੇ।

ਲਾਈਏ ਨਾਲ ਜੇ ਕਿਸੇ ਦੇ ਸਿਰ ਦੇ ਕੇ ਨਿਭਾਈਏ
ਲੱਗੀ ਵਾਲੇ ਢਿਲੋਂ ਦੱਸ ਬੀਬਾ ਤਹਿਕਦੇ ਕਦੋਂ ਨੇ।

ਹੁੰਦੇ ਯਾਰ ਜੋ ਬਨਾਉਟੀ ਹੁੰਦੇ ਨਹੀਂਉਂ ਮਿੱਤ,
ਫੁੱਲ ਕਾਗਜ਼ਾਂ ਦੇ ਹੋਣ ਭਲਾ ਮਹਿਕਦੇ ਕਦੋਂ ਨੇ।


Academy of the Punjab in North America - APNA: http://www.apnaorg.com

# ਖ਼ੂਨ ਦੇ ਰਿਸ਼ਤੇ

ਚਲੋ ਮੈਨੂੰ ਵੀ ਅੱਜ ਇਹ ਖ਼ੂਨ ਦੇ ਰਿਸ਼ਤੇ ਪਰਖ਼ ਲੈਣ ਦੇ,
ਜੋ ਕਹਿੰਦੇ ਨੇ ਨੌਹ ਮਾਸ ਨਾਲੋਂ ਵੱਖ ਨਹੀਂ ਹੁੰਦਾ,
ਚਲੋ ਮੈਨੂੰ ਇਸ ਸੱਚਾਈ ਦਾ ਦੇਖ ਅਰਕ ਲੈਣ ਦੇ।
ਚਲੋ ਮੈਨੂੰ ਵੀ ਅੱਜ ਇਹ ਖ਼ੂਨ ਦੇ ਰਿਸ਼ਤੇ ਪਰਖ ਲੈਣ ਦੇ।

ਮੈਂ ਸੁਣਿਆ ਸੀ ਖ਼ੂਨ ਦੇ ਰਿਸ਼ਤੇ ਬੜੇ ਹੁੰਦੇ ਗੂੜ੍ਹੇ,
ਲੈ ਮੈਨੂੰ ਇਸ ਹੋਏ ਸਫ਼ੈਦ ਖ਼ੂਨ ਦਾ ਸਮਝ ਫ਼ਰਕ ਲੈਣ ਦੇ।

ਸ਼ਾਇਦ ਇਹ ਮੇਰੀਆਂ ਅੱਖਾਂ ਤੇ ਬੰਨ੍ਹੀ ਪੱਟੀ ਲਾਹ ਦੇਵੇ,
ਕੌਣ ਆਪਣਾ ਕੌਣ ਪਰਾਇਆ ਅੱਜ ਮੈਨੂੰ ਵੀ ਪਰਖ ਲੈਣ ਦੇ।

ਮੈਂ ਸੁਣਿਆ ਸੀ ਨਾਲ ਦੇ ਜੰਮੇ ਬਾਹਵਾਂ ਹੁੰਦੇ ਨੇ,
ਲੈ ਅੱਜ ਮੈਨੂੰ ਵੀ ਇਹਨਾਂ ਬਾਹਵਾਂ ਦਾ ਕੱਢ ਤਰਕ ਲੈਣ ਦੇ।

ਕੀ ਕਰਨਾ ਇਹਨਾਂ ਝੂਠੇ ਜਿਹੇ ਰਿਸ਼ਤਿਆਂ 'ਚ ਰਹਿ ਕੇ,
'ਢਿਲੋਂ' ਅੱਜ ਇਕ ਵਾਰ ਫਿਰ ਬਲਵੀਰ ਨੂੰ ਇਥੋਂ ਸਰਕ ਲੈਣ ਦੇ।

ਮੈਂ ਦੇਖ ਤਾਂ ਲਿਆ ਸੀ ਪਰਖ ਕੇ ਪਹਿਲਾਂ ਹੀ ਸਭ ਨੂੰ,
ਚੱਲ ਸੋਚਿਆ ਢਿੱਲੋਂ ਇੱਕ ਵਾਰ ਫਿਰ ਦਿਲ ਦਾ ਕੱਢ ਹਰਖ਼ ਲੈਣ ਦੇ।

ਚੱਲ ਮੈਨੂੰ ਵੀ ਅੱਜ ਇਹ ਖ਼ੂਨ ਦੇ ਰਿਸ਼ਤੇ ਪਰਖ ਲੈਣ ਦੇ।
ਚੱਲ ਮੈਨੂੰ ਵੀ ਅੱਜ ਇਹ ਖ਼ੂਨ ਦੇ ਰਿਸ਼ਤੇ ਪਰਖ ਲੈਣ ਦੇ।


Academy of the Punjab in North America - APNA: http://www.apnaorg.com

## ਮੇਰੇ ਮਰਨ ਪਿੱਛੋਂ

ਉਹਨੂੰ ਕਹਿਣਾ ਕਿ ਮੇਰੇ ਮਰਨ ਪਿੱਛੋਂ,
ਮੇਰੀ ਮੜ੍ਹੀ ਉਤੇ ਦੀਵਾ ਜਗਾਵੇ ਨਾ।

ਮੇਰੀ ਅਜ਼ਲਾਂ ਤੋਂ ਦੁਖੀ ਰੂਹ ਨੂੰ
ਹੁਣ ਉਹ ਹੋਰ ਸਤਾਵੇ ਨਾ।

ਮੇਰੇ ਜ਼ਖ਼ਮਾਂ ਨੂੰ ਹੁਣ ਉਹ ਭਰਨ ਦੇਵੇ
ਅੱਲੇ ਜ਼ਖ਼ਮਾਂ ਤੇ ਹੋਰ ਲੂਣ ਪਾਵੇ ਨਾ।

ਮੇਰਾ ਇਹ ਜਾਣ ਦਾ ਫੈਸਲਾ ਤਾਂ ਸੀ ਅਟੱਲ,
ਉਹਨੂੰ ਕਹਿਣਾ ਕਿ ਉਹ ਅੱਥਰੂ ਵਹਾਵੇ ਨਾ।

ਮੇਰੇ ਜਿਉਂਦਿਆਂ ਤਾਂ ਉਹਨੂੰ ਨਹੀਂ ਸੀ ਲੋੜ ਮੇਰੀ
ਮੇਰੀ ਮੜ੍ਹੀ ਤੇ ਕੀਰਨੇ ਪਾਵੇ ਨਾ।

ਉਹਨੂੰ ਕਹਿਣਾ ਕਿ ਮੇਰੇ ਮਰਨ ਪਿੱਛੋਂ
ਮੇਰੀ ਮੜ੍ਹੀ ਉਤੇ ਦੀਵਾ ਜਗਾਵੇ ਨਾ।


Academy of the Punjab in North America - APNA: http://www.apnaorg.com

## ਰੋਗ ਬਿਰਹੋਂ ਦਾ ਲੱਗਿਆ

ਮਾਏਂ ਨੀ ਮਾਏਂ ਨੀ ਮੈਨੂੰ ਰੋਗ ਬਿਰਹੋਂ ਦਾ ਲੱਗਿਆ,
ਜੋਗਣ ਬਣ ਕੰਨੀਂ ਮੁੰਦਰਾਂ ਪਾਈਆਂ,
ਨੀ ਮੈਨੂੰ ਉਹ ਮਹਿਰਮ ਨ੍ਹਈਂ ਲੱਭਿਆ।

ਕੋਈ ਕਹਿੰਦਾ ਉਹ ਮੰਦਰੀਂ ਮਿਲਦਾ,
ਤੇ ਕੋਈ ਕਹੇ ਮਸੀਤੀਂ

ਸੱਭੇ ਥਾਵੀਂ ਮੈਂ ਮੱਥੇ ਰਗੜੇ
ਨੀ ਮੇਰੀ ਉਹਦੇ ਨਾਲ ਪ੍ਰੀਤੀ।

ਦਰ-ਦਰ ਦੀ ਮੈਂ ਖਾਕ ਵੀ ਛਾਣੀ,
ਨੀ ਮੈਂ ਹਰ ਥਾਂ ਉਹਨੂੰ ਲੱਭਿਆ।

ਜੰਗਲ ਢੂੱਡੇ, ਬੇਲੇ ਢੂੰਡੇ,
ਨੀ ਮੈਨੂੰ ਉਹ ਮਹਿਰਮ ਨਾ ਲੱਭਿਆ।

ਕੀਹਨੂੰ ਦੱਸਾਂ ਨੀ ਮੇਰੇ ਦਿਲ ਦਾ ਮਹਿਰਮ,
ਨੀ ਮੇਰੇ ਕਣ ਕਣ ਦੇ ਵਿੱਚ ਵਸਿਆ।

ਜਿਹਦਾ ਬਿਰਹਾ ਮੈਨੂੰ ਵੱਢ-ਵੱਢ ਖਾਵੇ
ਨੀ ਮੈਨੂੰ ਆਪਣੇ ਹੀ ਅੰਦਰੋਂ ਲੱਭਿਆ।

ਮਾਏਂ ਨੀ ਮਾਏਂ ਨੀ ਮੈਨੂੰ ਰੋਗ ਬਿਰਹੋਂ ਦਾ ਲੱਗਿਆ
ਜੋਗਣ ਬਣ ਕੰਨੀਂ ਮੁੰਦਰਾਂ ਪਾਈਆਂ
ਨੀ ਮੈਨੂੰ ਉਹ ਮਹਿਰਮ ਨ੍ਹਈਂ ਲੱਭਿਆ।


Academy of the Punjab in North America - APNA: http://www.apnaorg.com

# ਇਕੱਲਾ ਹੋਵੇ ਨਾ ਰੋਹੀ ਵਿਚ ਰੁੱਖ

ਇਕੱਲਾ ਹੋਵੇ ਨਾ ਰੋਹੀ ਵਿਚ ਰੁੱਖ ਕੋਈ,
ਇਕੱਲੀ ਹੋਵੇ ਨਾ ਜਾਨ ਜਹਾਨ ਅੰਦਰ।

ਮਰ ਮਰ ਕੇ ਜਿਊਣਾ ਵੀ ਕੀ ਜਿਊਣਾ,
ਇਸ ਬੰਜਰ ਜਿਹੇ ਸ਼ਮਸ਼ਾਨ ਅੰਦਰ।

ਜਿਸਨੂੰ ਪੀ ਕੇ ਨਾ ਨੈਣ ਮਦਹੋਸ਼ ਹੋਏ,
ਕੀ ਨਸ਼ਾ ਹੋਊ ਉਸ ਜਾਮ ਅੰਦਰ।

ਫੱਟ ਸਹਿਣ ਦੀ ਨਾ ਜਿਸਨੇ ਜਾਚ ਸਿੱਖੀ,
ਕਿੰਨਾ ਦਰਦ ਹੋਊ ਉਸ ਜਾਨ ਅੰਦਰ।

ਪੈਰ ਪੈਰ ਤੇ ਜਿਹੜਾ ਬੰਦਾ ਗੱਲ ਬਦਲੇ
ਕਿੰਨਾ ਤਰਕ ਹੋਊ ਉਸਦੇ ਬਿਆਨ ਅੰਦਰ।

ਔਖੇ ਵੇਲੇ ਨਾ ਕਿਸੇ ਦੇ ਕੰਮ ਆਇਆ,
ਐਸੇ ਦੋਸਤ ਕੀ ਕਰਨੇ ਜਹਾਨ ਅੰਦਰ।

ਗੱਲ ਨਿਕਲੀ ਜ਼ਬਾਨੋਂ ਨਹੀਂ ਮੁੜਦੀ,
ਕਦੇ ਤੀਰ ਨਈ੍ਹ ਮੁੜਦਾ ਕਮਾਨ ਅੰਦਰ।

ਧੰਨ ਦੌਲਤਾਂ ਜਾਣੀਆਂ ਨਹੀਂ ਨਾਲ ਤੇਰੇ,
ਕੰਮ ਉਹੀ ਜੋ ਕੀਤਾ ਦੀਨ ਈਮਾਨ ਅੰਦਰ।

ਕਰ ਜਾਈਂ 'ਢਿੱਲੋਂ' ਐਸਾ ਕੰਮ ਕੋਈ,
ਯਾਦ ਰਹੇ ਜੋ ਰਹਿੰਦੇ ਜਹਾਨ ਅੰਦਰ।


Academy of the Punjab in North America - APNA: http://www.apnaorg.com

## ਝੂਠ ਤੋਂ ਨਫ਼ਰਤ ਹੈ

ਝੂਠ ਤੋਂ ਨਫ਼ਰਤ ਹੈ ਮੈਨੂੰ,
ਨਫ਼ਰਤ ਹੈ ਲਾਰਿਆਂ ਤੋਂ।

ਡਿੱਗਿਆ ਨੂੰ ਗਲ਼ ਨਾਲ ਲਾਵਾਂ,
ਹੌਸਲਾ ਦੇਵਾਂ ਦੁੱਖਾਂ ਦੇ ਮਾਰਿਆਂ ਨੂੰ।

ਵੱਡੀਆਂ ਵੱਡੀਆਂ ਗੱਲਾਂ ਨਹੀਂ ਆਉਂਦੀਆਂ ਮੈਨੂੰ,
ਮੈਂ ਤਾਂ ਸਿੱਖਦੀ ਹਾਂ ਬੱਸ ਤੁਹਾਡੇ ਸਾਰਿਆਂ ਤੋਂ।

ਕਿਸੇ ਨੂੰ ਦੁੱਖ ਦੇਵਾਂ ਸੋਚ ਵੀ ਨਹੀਂ ਸਕਦੀ,
ਮੈਂ ਇਕੋ ਹੀ ਸਮਝਾਂ, ਮਹਿਲਾਂ ਤੇ ਢਾਰਿਆਂ ਨੂੰ।

ਦੀਨ ਮਜ਼ਹਬ ਦਾ ਨਹੀਂ ਕੋਈ ਫ਼ਰਕ ਮੈਨੂੰ,
ਮੰਨਾਂ ਰੱਬ ਦਾ ਰੂਪ ਮੈਂ ਸਾਰਿਆਂ ਨੂੰ।

ਜ਼ਿੰਦਗੀ ਮੇਰੀ ਬਣ ਜਾਏ ਇਕ ਦੁਆ,
ਰੱਬ ਕਰਕੇ ਲੱਗੇ ਇਹ ਸਾਰਿਆਂ ਨੂੰ।


Academy of the Punjab in North America - APNA: http://www.apnaorg.com

## ਲਿਖਾਂਗੀ ਅੱਜ ਮੈਂ ਦਾਸਤਾਨ

ਲਿਖਾਂਗੀ ਅੱਜ ਮੈਂ ਦਾਸਤਾਨ,
ਇਸ ਅਜਨਬੀ ਸ਼ਹਿਰ ਦੀ।

ਤਿਣਕਾ-ਤਿਣਕਾ ਹੋ ਕੇ ਬਿਖ਼ਰੇ ਤੇ ਰੁਲ ਗਏ,
ਰਾਸ ਨਾ ਆਈ ਇਹ ਦੁਨੀਆਂ, ਤੇਰੇ ਸ਼ਹਿਰ ਦੀ।

ਜਿਸਨੇ ਵੀ ਕੀਤਾ ਏ ਗ਼ਮਸਾਰ ਹੀ ਕੀਤਾ,
ਬੱਸ ਲੱਭਦੇ ਰਹੇ ਇਕ ਕਿਰਨ, ਖ਼ੁਸ਼ੀ ਦੀ ਲਹਿਰ ਦੀ।

ਸੜ ਗਏ ਨੇ ਪੈਰ, ਤੁਰਦਿਆਂ ਤੁਰਦਿਆਂ,
ਨਾ ਲੰਬੀ ਵਾਟ ਮੁੱਕੀ, ਹਿਜਰਾਂ ਦੀ ਸਿਖ਼ਰ ਦੁਪਹਿਰ ਦੀ।

ਰਾਹਾਂ ਵਿਚ ਖੜ੍ਹੇ ਬੁੱਤ ਬਣ ਗਏ ਇੰਤਜ਼ਾਰ ਕਰਦੇ ਕਰਦੇ,
ਪਰ ਮੁੱਕੀ ਨਹੀਂ ਸਜ਼ਾ, ਤੇਰੇ ਢਾਏ ਹੋਏ ਕਹਿਰ ਦੀ।

ਜੋ ਕਹਿੰਦੇ ਸੀ, ਮੰਗਦੇ ਹਾਂ ਦੁਆਵਾਂ ਸਭ ਲਈ,
ਕੀਤੀ ਬੁਛਾੜ ਉਹਨਾਂ ਨੇ ਸ਼ਬਦਾਂ ਦੇ ਜ਼ਹਿਰ ਦੀ।

ਕਿੱਥੇ ਰਹਿ ਗਏ ਉਹ ਬੁੱਲ੍ਹੇ ਠੰਢੀਆਂ ਹਵਾਵਾਂ ਦੇ,
ਕਿੱਥੇ ਗੁੰਮ ਗਈ ਨਜ਼ਰ ਨਿਰਮਲ ਮੋਹ ਦੀ ਨਹਿਰ ਦੀ।

ਝੂਠ ਸੱਚ ਦਾ ਕਿੰਝ ਯਕੀਨ ਮੈਂ ਕਰਾਂ,
ਬਦਲਦੀ ਜ਼ਬਾਨ ਤੇਰੀ ਜਿਉਂ ਜੁੱਤੀ ਹੋਵੇ ਪੈਰ ਦੀ।

ਮੈਂ ਬਦਲਦੇ ਦੇਖੇ ਸੀ 'ਢਿੱਲੋਂ' ਇੱਥੇ ਕਈ ਇਨਸਾਨ,
ਪਰ ਅੱਜ ਬਦਲਦੀ ਦੇਖੀ ਹਵਾ ਤੇਰੇ ਸ਼ਹਿਰ ਦੀ।


Academy of the Punjab in North America - APNA: http://www.apnaorg.com

## ਐਵੇਂ ਨਾ ਜ਼ਖਮ ਕੁਰੇਦੋ

ਐਵੇਂ ਨਾ ਜ਼ਖ਼ਮ ਕੁਰੇਦੋ ਮੇਰੇ ਦੋਸਤੋ,
ਐਵੇਂ ਨਾ ਛਿੜਕੋ ਅੱਲੇ ਜ਼ਖ਼ਮਾਂ ਤੇ ਲੂਣ ਮੇਰੇ ਦੋਸਤੋ।

ਜ਼ਹਿਰ ਬਣ ਰਹੀ ਦਵਾ ਜੋ ਤੁਸੀਂ ਲਗਾ ਰਹੇ ਹੋ,
ਐਵੇਂ ਨਾ ਮੇਰੀ ਬਰਬਾਦੀ ਦਾ ਜਸ਼ਨ ਮਨਾਉ ਮੇਰੇ ਦੋਸਤੋ।

ਗ਼ਮ ਨਹੀਂ ਸੀ ਕਿ ਆਪਣੇ ਪਰਾਏ ਹੋ ਗਏ,
ਗ਼ਮ ਸੀ ਤੁਸਾਂ ਜਾ ਗ਼ੈਰਾਂ ਸੰਗ ਹੱਥ ਮਿਲਾਏ ਮੇਰੇ ਦੋਸਤੋ।

ਮਰਨ ਦਾ ਤੇ ਡਰ ਨਹੀਂ ਸੀ ਮੈਨੂੰ ਕਦੇ,
ਇੱਛਾ ਸੀ ਕਿ ਮਰ ਕੇ ਵੀ ਬੰਦੇ ਥੋੜੇ ਕੰਮ ਆਏ ਮੇਰੇ ਦੋਸਤੋ।

ਧੁੰਦਲਾਈ ਜਿਹੀ ਕਿਉਂ ਹੋ ਗਈ ਤੁਹਾਡੀ ਜ਼ਮੀਰ,
ਆਸ ਸੀ ਕਿ ਪਿੱਠ ਪਿੱਛੇ ਨਾ ਕੋਈ ਛੁਰੀ ਚਲਾਏ ਮੇਰੇ ਦੋਸਤੋ।

ਮੋੜ ਲਿਆ ਏ ਮੁੱਖ ਕਿਉਂ ਦੁਨੀਆਂ ਤੋਂ ਮੈਂ,
ਸ਼ਾਇਦ ਵੇਖ ਕੇ ਹੀ ਤੁਹਾਨੂੰ ਕੁਝ ਸਮਝ ਆਏ ਮੇਰੇ ਦੋਸਤੋ।

ਕਦੇ ਇਹ ਪਾਸਾ, ਕਦੇ ਉਹ ਪਾਸਾ ਨਹੀਂ ਕਰਦੀ ਮੈਂ,
'ਬਲਵੀਰ' ਤਾਂ ਆਰ ਜਾਂ ਪਾਰ ਕਹਿ ਕੇ ਮੁਕਾਏ ਮੇਰੇ ਦੋਸਤੋ।

ਐਵੇਂ ਨਾ ਜ਼ਖ਼ਮ ਕੁਰੇਦੋ ਮੇਰੇ ਦੋਸਤੋ,
ਐਵੇਂ ਨਾ ਛਿੜਕੋ ਅੱਲੇ ਜ਼ਖ਼ਮਾਂ ਤੇ ਲੂਣ ਮੇਰੇ ਦੋਸਤੋ।


Academy of the Punjab in North America - APNA: http://www.apnaorg.com

## ਚੁੱਪ ਵੱਟ ਕੇ ਬਹਿ ਗਿਆ

ਕਿਸ ਤਰ੍ਹਾਂ ਉਹ ਚੁੱਪ ਵੱਟ ਕੇ ਬਹਿ ਗਿਆ,
ਮੇਰੇ ਦਿਲ ਦਾ ਨਾਸੂਰ ਬਣ ਕੇ ਰਹਿ ਗਿਆ।

ਭਰਦਾ ਨਹੀਂ ਇਹ ਜ਼ਖ਼ਮ ਸਾਕੀ ਕੀ ਕਰਾਂ,
ਨਸ਼ਾ ਉਸਦਾ ਹੱਡਾਂ ਦੇ ਵਿਚ ਲਹਿ ਗਿਆ।

ਬਾਕੀ ਯਾਦਾਂ ਸਭ ਦਫ਼ਨ ਹੋ ਗਈਆਂ,
ਬਸ ਉਸਦਾ ਇਕ ਨਾਮ ਬੁੱਲ੍ਹਾਂ ਤੇ ਰਹਿ ਗਿਆ।


Academy of the Punjab in North America - APNA: http://www.apnaorg.com

# ਵਹਿ ਗਿਆ ਹਰ ਅੱਥਰੂ

ਵਹਿ ਗਿਆ ਹਰ ਅੱਥਰੂ ਮੇਰੇ ਨੈਣਾਂ ਦਾ,
ਇੰਝ ਬਰਸਾਤ ਬਣ ਕੇ।

ਖੁਸ਼ੀਆਂ ਦੀ ਸੌਗਾਤ ਝੋਲੀ ਪਾ ਗਿਆ,
ਉਹ ਇੰਝ ਕਾਇਨਾਤ ਬਣ ਕੇ।

ਹਨ੍ਹੇਰੀ ਤੇ ਸਲ੍ਹਾਬੀ ਰੁੱਤ ਚਾਨਣ ਵਾਂਗ ਲਿਸ਼ਕੀ,
ਉਹਦੀ ਆਮਦ ਹੋਈ ਪਰਭਾਤ ਬਣ ਕੇ।

ਖੋਹਲ ਕੇ ਗੰਢਾਂ, ਉਹ ਪਰਤਾਂ ਦਿਲ ਦੀਆਂ,
ਲਹਿ ਗਿਆ ਦਿਲ ਵਿਚ ਡੂੰਘੀ ਛਾਪ ਬਣਕੇ।

ਵਹਿ ਗਿਆ ਹਰ ਅੱਥਰੂ ਮੇਰੇ ਨੈਣਾਂ ਦਾ,
ਇੰਝ ਬਰਸਾਤ ਬਣਕੇ।


Academy of the Punjab in North America - APNA: http://www.apnaorg.com

## ਸਾਇਆ

ਜ਼ਿੰਦਗੀ ਦੇ ਹਰ ਮੋੜ ਤੇ,
ਜਿਸਨੂੰ ਮੈਂ ਆਪਣੇ ਸਭ ਤੋਂ ਕਰੀਬ ਪਾਇਆ ਸੀ।

ਉਹ ਮੇਰੇ ਨਾਲ ਨਹੀਂ ਤੁਰਿਆ
ਉਹ ਤਾਂ ਸਿਰਫ਼ ਮੇਰਾ ਸਾਇਆ ਸੀ।

ਜਿਸਨੂੰ ਮੈਂ ਆਪਣਾ ਸਮਝਿਆ ਸੀ,
ਉਹ ਸਭ ਤੋਂ ਵੱਧ ਪਰਾਇਆ ਸੀ।

ਖੁਸ਼ੀਆਂ ਵਿੱਚ ਨਾਲ ਨਹੀਂ ਤੁਰਿਆ,
ਨਾ ਹੀ ਗ਼ਮਾਂ ਵਿਚ ਨਾਲ ਉਸਦਾ ਸਾਇਆ ਸੀ।

ਹਵਾ ਦੀ ਤੋਰ ਦੇ ਵਾਂਗੂੰ ਮੈਂ ਅੱਗੇ ਵਧ ਗਈ,
ਉਹ ਕਦੇ ਮੇਰੇ ਮਗਰ ਨਾ ਮੇਰੀ ਪੈੜ ਵਿੰਹਦਾ ਆਇਆ ਸੀ।

ਉਹ ਕਦੇ ਮੇਰੇ ਨਾਲ ਨਹੀਂ ਤੁਰਿਆ,
ਉਹ ਤਾਂ ਸਿਰਫ਼ ਮੇਰਾ ਸਾਇਆ ਸੀ।

ਉਹ ਕੋਈ ਹੋਰ ਨਹੀਂ ਸੀ
ਸਿਰਫ਼ ਮੇਰਾ ਹੀ ਸਾਇਆ ਸੀ।


Academy of the Punjab in North America - APNA: http://www.apnaorg.com

## ਕੌਣ ਸੀ ਜੋ.....

ਕੌਣ ਸੀ ਜੋ ਮੇਰੇ ਬੁੱਲ੍ਹਾਂ ਨੂੰ ਸੀਅ ਗਿਆ।
ਕੌਣ ਸੀ ਜੋ ਰੱਤ ਜਿਗਰ ਦੀ ਪੀ ਗਿਆ।

ਜ਼ਖ਼ਮ ਹਿਜਰ ਦਾ ਰਿਸਦਾ ਰਿਸਦਾ ਰਿਸ ਗਿਆ,
ਅਸਾਂ ਤਾਂ ਸਾਕੀ ਜ਼ਹਿਰ ਵੀ ਅੰਮ੍ਰਿਤ ਸਮਝਕੇ ਪੀ ਲਿਆ।

ਠੰਢੀ ਹਵਾ ਦਾ ਬੁੱਲਾ ਕਿਤਿਓਂ ਆਵੇਗਾ,
ਇਸ ਆਸ ਉਮੀਦ ਤੇ ਬਲਦੀ ਅੱਗ ਵਿਚ ਵੀ ਜੀਅ ਲਿਆ।

ਮਿਹਰ ਕਰੇਗਾ ਸਾਈਂ ਕਦੇ ਤੇ ਬਹੁੜੇਗਾ ਖ਼ੁਦਾ,
ਇਸ ਆਸ ਸਹਾਰੇ ਇਕ ਘੁੱਟ ਸਬਰ ਦਾ ਪੀ ਲਿਆ।

ਕੌਣ ਸੀ ਜੋ ਮੇਰੇ ਬੁੱਲ੍ਹਾਂ ਨੂੰ ਸੀਅ ਗਿਆ।
ਕੌਣ ਸੀ ਜੋ ਰੱਤ ਜਿਗਰ ਦੀ ਪੀ ਗਿਆ।


Academy of the Punjab in North America - APNA: http://www.apnaorg.com

# ਕੌਣ ਸੀ ਜੋ.....

ਕੌਣ ਸੀ ਜੋ ਮੇਰੇ ਬੁੱਲ੍ਹਾਂ ਨੂੰ ਸੀਅ ਗਿਆ।
ਕੌਣ ਸੀ ਜੋ ਰੱਤ ਜਿਗਰ ਦੀ ਪੀ ਗਿਆ।

ਜ਼ਖ਼ਮ ਹਿਜਰ ਦਾ ਰਿਸਦਾ ਰਿਸਦਾ ਰਿਸ ਗਿਆ,
ਅਸਾਂ ਤਾਂ ਸਾਕੀ ਜ਼ਹਿਰ ਵੀ ਅੰਮ੍ਰਿਤ ਸਮਝਕੇ ਪੀ ਲਿਆ।

ਠੰਢੀ ਹਵਾ ਦਾ ਬੁੱਲਾ ਕਿਤਿਓਂ ਆਵੇਗਾ,
ਇਸ ਆਸ ਉਮੀਦ ਤੇ ਬਲਦੀ ਅੱਗ ਵਿਚ ਵੀ ਜੀਅ ਲਿਆ।

ਮਿਹਰ ਕਰੇਗਾ ਸਾਈਂ ਕਦੇ ਤੇ ਬਹੁੜੇਗਾ ਖ਼ੁਦਾ,
ਇਸ ਆਸ ਸਹਾਰੇ ਇਕ ਘੁੱਟ ਸਬਰ ਦਾ ਪੀ ਲਿਆ।

ਕੌਣ ਸੀ ਜੋ ਮੇਰੇ ਬੁੱਲ੍ਹਾਂ ਨੂੰ ਸੀਅ ਗਿਆ।
ਕੌਣ ਸੀ ਜੋ ਰੱਤ ਜਿਗਰ ਦੀ ਪੀ ਗਿਆ।


Academy of the Punjab in North America - APNA: http://www.apnaorg.com

## ਦਿਲ ਦੀਆਂ ਪਰਤਾਂ

ਚਿਹਰੇ ਦੇਖ ਕੇ ਯਾਰ ਬਣਾਉਂਦੇ,
ਕੋਈ ਦਿਲ ਦੀਆਂ ਪਰਤਾਂ ਪੜ੍ਹਦਾ ਈ ਨਈਂ।

ਸੁਹਣੀ ਸੂਰਤ ਹਰ ਕੋਈ ਭਾਲੇ,
ਕੋਈ ਰੂਹ ਦੇ ਮੇਲੇ ਕਰਦਾ ਈ ਨਈਂ।

ਅੱਜ ਇਸ ਰਾਹੇ, ਕੱਲ੍ਹ ਉਸ ਰਾਹੇ,
ਕੋਈ ਦਿਲ ਦੇ ਮੰਦਿਰ ਵੜਦਾ ਈ ਨਈਂ।

ਸਭ ਫੋਕੀ ਦੁਨੀਆਂਦਾਰੀ ਏ,
ਕੋਈ ਉਸ ਯਾਰ ਦੀ ਪੂਜਾ ਕਰਦਾ ਈ ਨਈਂ।

ਜਿਸ ਮਹਿਰਮ ਦੇ ਲੜ ਲੱਗ ਪਾਰ ਜਾਣਾ,
ਕੋਈ ਉਸ ਦਿਲਬਰ ਦਾ ਲੜ ਫੜ੍ਹਦਾ ਈ ਨਈਂ।

ਚਿਹਰੇ ਦੇਖ ਕੇ ਯਾਰ ਬਣਾਉਂਦੇ,
ਕੋਈ ਦਿਲ ਦੀਆਂ ਪਰਤਾਂ ਪੜ੍ਹਦਾ ਈ ਨਈਂ।


Academy of the Punjab in North America - APNA: http://www.apnaorg.com

# ਮੇਰੇ ਇਸ ਦਰਦ ਨੂੰ

ਮੇਰੇ ਇਸ ਦਰਦ ਨੂੰ,
ਤੂੰ ਕੋਈ ਜ਼ੁਬਾਨ ਦੇ ਦੇ।

ਮੇਰੀ ਇਸ ਪੀੜ ਨੂੰ,
ਤੂੰ ਕੋਈ ਗੀਤਾਂ ਦਾ ਨਾਂ ਦੇ ਦੇ।

ਇਨ੍ਹਾਂ ਸੱਚੇ ਸੁੱਚੇ ਰਿਸ਼ਤਿਆਂ ਦਾ,
ਹੈ ਵਾਸਤਾ ਤੈਨੂੰ।

ਅੱਜ ਮੇਰੀ ਇਸ ਵਫ਼ਾ ਦਾ,
ਮੈਨੂੰ ਸਿਲਾ ਦੇ ਦੇ।

ਬੋਲ ਮੇਰੇ ਵਾਂਝੇ ਨੇ,
ਇਕ ਹਰਫ਼ ਦੇ ਬਾਝੋਂ।

ਮੇਰੇ ਬੇਹਰਫ਼ੇ ਬੋਲਾਂ ਨੂੰ,
ਤੂੰ ਕੋਈ ਬਿਆਨ ਦੇ ਦੇ।

ਤੂੰ ਲਿਖ ਤਾਂ ਦਿੱਤੇ ਨੇ,
ਦੁੱਖ ਸਭ ਮੇਰੇ ਹਿੱਸੇ।

ਪਰ ਮੇਰੀ ਇਸ ਸਜ਼ਾ ਨੂੰ ਵੀ,
ਕੋਈ ਨਾ ਕੋਈ ਅੰਜਾਮ ਦੇ ਦੇ।

'ਢਿੱਲੋਂ' ਨੇ ਪਹਿਲਾਂ ਹੀ ਦੱਸਿਆ ਸੀ,
ਇਹ ਰਸਤੇ ਬੜੇ ਨੇ ਔਖੇ।

ਅੱਜ ਮੈਨੂੰ ਵਾਪਿਸ ਪਰਤਣ ਲਈ,
ਕੋਈ ਰਸਤਾ ਨਵਾਂ ਦੇ ਦੇ।

ਮੇਰੇ ਇਸ ਦਰਦ ਨੂੰ,
ਤੂੰ ਕੋਈ ਜ਼ੁਬਾਨ ਦੇ ਦੇ।


Academy of the Punjab in North America - APNA: http://www.apnaorg.com

# ਉਹ ਜਾਨ ਸੀ ਮੇਰੀ

ਉਹਾ ਜਾਨ ਸੀ ਮੇਰੀ,
ਜੋ ਮੈਨੂੰ ਪਰਾਇਆ ਕਰ ਗਈ।

ਆਪ ਨਿਕਲ ਕੇ ਤੁਰ ਗਈ,
ਆਹ ਮੈਨੂੰ ਕਿਨਾਰੇ ਧਰ ਗਈ।

ਮੈਨੂੰ ਬੜਾ ਮਾਣ ਸੀ ਆਪਣੀ ਹੋਂਦ ਦਾ,
ਉਹ ਮੇਰੀ ਹੋਂਦ ਨੂੰ ਹੀ ਮੈਥੋਂ ਪਰਾਇਆ ਕਰ ਗਈ।

ਉਮਰ ਮੇਰੀ ਲੰਘ ਗਈ ਮੇਰੀ ਮੇਰੀ ਕਰਦਿਆਂ,
ਉਸ ਦੇਰ ਨਾ ਲਾਈ ਮੈਨੂੰ ਮਿੱਟੀ ਦਾ ਢੇਰ ਕਰ ਗਈ।

ਨਾ ਮੈਂ ਆਪਣਾ ਹੀ ਹੋ ਸਕਿਆ,
ਨਾ ਕਿਸੇ ਹੋਰ ਦਾ।

ਉਹ ਮੇਰੇ ਇਸ ਵਜੂਦ ਨੂੰ,
ਮਿੱਟੀ 'ਚ ਦਫ਼ਨ ਕਰ ਗਈ।

ਉਹ ਜਾਨ ਸੀ ਮੇਰੀ,
ਜੋ ਮੈਨੂੰ ਪਰਾਇਆ ਕਰ ਗਈ।


Academy of the Punjab in North America - APNA: http://www.apnaorg.com

## ਸਾਂਝ

ਤੇਰੀ ਮੇਰੀ ਜਦੋਂ ਦੀ ਇਹ ਸਾਂਝ ਮੁੱਕ ਗਈ ਏ।
ਤੇਰੇ ਆਉਣ ਜਾਣ ਦੀ ਵੀ ਤਾਂਘ ਮੁੱਕ ਗਈ ਏ।

ਛੱਡਿਆ ਏ ਮਹਿਫ਼ਲ 'ਚ ਜ਼ਿਕਰ ਤੇਰਾ ਜਦ ਦਾ,
ਉਦੋਂ ਦੀ ਹੀ ਚਿੰਤਾ, ਤਮਾਮ ਮੁੱਕ ਗਈ ਏ।

ਨਿੱਤ ਦਿਆਂ ਰੋਸਿਆਂ ਨਾਲੋਂ ਇਕ ਵਾਰੀ ਰੁੱਸ ਜਾਹ,
ਰੋਜ਼ ਰੋਜ਼ ਵਾਲੇ ਕੋਸੇ ਹੰਝੂਆਂ ਦੀ, ਸ਼ਾਮ ਮੁੱਕ ਗਈ ਏ।

ਦੱਸ ਤੈਨੂੰ ਕੀ ਪਿਲਾਈਏ ਅਸੀਂ ਜਾਮ ਸੂਹੇ ਭਰ ਕੇ,
ਸੱਖਣੇ ਨੇ ਸਭ ਮੈਖਾਨੇ, ਟੁੱਟ ਗਏ ਪੈਮਾਨੇ, ਦਾਰੂ ਤਮਾਮ ਮੁੱਕ ਗਈ ਏ।

ਝੂਠ ਸੱਚ ਤੇਰਾ ਜੋ ਵੀ ਸਿਰ ਮੱਥੇ ਉੱਤੇ ਰੱਖਿਆ,
ਤੇਰੇ ਵਾਅਦਿਆਂ ਦੀ ਹੁਣ ਤੇ ਦੁਕਾਨ ਮੁੱਕ ਗਈ ਏ।

ਤੇਰੀ ਮੇਰੀ ਜਦੋਂ ਦੀ ਇਹ ਸਾਂਝ ਮੁੱਕ ਗਈ ਏ।
ਤੇਰੇ ਆਉਣ ਜਾਣ ਦੀ ਵੀ ਤਾਂਘ ਮੁੱਕ ਗਈ ਏ।


Academy of the Punjab in North America - APNA: http://www.apnaorg.com

# ਮਿੱਠਤ ਨੀਵੀਂ ਨਾਨਕਾ

ਜੋ ਗੁਰੂਆਂ ਪੀਰਾਂ ਆਖਿਆ
ਉਹੀਓ ਸੋਲਾਂ ਆਨੇ ਸੱਚ
ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।

ਝੂਠ ਕੁਫ਼ਰ ਤੂਫ਼ਾਨ ਛੱਡ ਤੋਲਣੇ,
ਉਸ ਡਾਹਢੇ ਦੇ ਕਹਿਰਾਂ ਕੋਲੋਂ ਬਚ।

ਕੀਤੇ ਕਰਮਾਂ ਦਾ ਫਲ ਪੈਣਾ ਹੈ ਭੋਗਣਾ,
ਕੀ ਚੰਗਾ-ਮਾੜਾ ਕੀ ਝੂਠ ਤੇ ਸੱਚ।

ਉਸਦੀ ਰਜ਼ਾ 'ਚ ਰਹਿਣਾ ਜੋ ਸਿੱਖ ਗਿਆ,
ਉਸ ਦੇ ਸਿਰ ਉਸ ਮਾਲਕ ਦਾ ਹੱਥ।

ਨਾ ਡੋਲੀਂ ਔਖੇ ਵਕਤ ਵਿਚ,
ਡੋਰੀ ਆਪਣੇ ਸੱਚੇ ਸਤਿਗੁਰੂ ਉਤੇ ਰੱਖ।

ਉਹ ਦਿੰਦਾ ਰਿਜ਼ਕ ਹੈ ਸਭ ਨੂੰ,
ਨਾ ਤਕੜੇ ਮਾੜੇ ਦਾ ਹੀ ਲੈਂਦਾ ਪੱਖ।

'ਢਿੱਲੋਂ' ਨੀਵਾਂ ਹੋ ਕੇ ਤੂੰ ਦਿਨ ਕੱਢ ਲੈ,
ਚੌਧਰ ਵਾਲਿਆਂ ਦੇ ਪੱਲੇ ਨਾ ਪੈਂਦਾ ਕੱਖ।

ਜੋ ਗੁਰੂਆਂ ਪੀਰਾਂ ਆਖਿਆ,
ਉਹੀਓ ਸੋਲਾਂ ਆਨੇ ਸੱਚ
ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।


Academy of the Punjab in North America - APNA: http://www.apnaorg.com

## ਮਾਲਕ ਨੇ ਮੇਰੇ ਸਿਰ ਤੇ ਹੱਥ ਰੱਖਿਆ ਏ

ਮੇਰੀ ਮੇਰੀ ਕਰਨਾ ਜਦ ਦਾ ਛੱਡਿਆ ਏ,
ਉਸ ਮਾਲਕ ਨੇ ਮੇਰੇ ਸਿਰ ਤੇ ਹੱਥ ਰੱਖਿਆ ਏ।

ਜਦੋਂ ਦਾ ਉਸਦੀ ਰਜ਼ਾ 'ਚ ਰਹਿਣਾ ਤੇ ਭਾਣਾ ਮੰਨਣਾ ਸਿੱਖਿਆ ਏ,
ਸਬਰ ਸੰਤੋਖ ਦਾ ਰਸ ਮਨ ਤੇ ਚੱਖਿਆ ਏ।

ਜਦੋਂ ਤੋਂ ਸਭ ਤੇਰਾ ਹੀ ਤੇਰਾ ਕਹਿਣਾ ਸਿੱਖਿਆ ਏ,
ਉਸ ਮਾਲਕ ਨੇ ਮੇਰੇ ਸਿਰ ਤੇ ਹੱਥ ਰੱਖਿਆ ਏ।

ਮੋਹ ਮਾਇਆ ਸਭ ਜ਼ਿੰਦਗੀ ਦਾ ਛੱਡ ਦਿੱਤਾ ਏ,
ਲਾਲਚ ਤੇ ਵਿਕਾਰਾਂ ਨੂੰ ਜਦ ਦਾ ਲਾਹ ਸੁੱਟਿਆ ਏ।

ਆਪਣਾ ਆਪਾ ਜਿਸ ਦਿਨ ਦਾ ਮੁਕਾਇਆ ਏ,
ਜੀਣ ਮਰਨ ਦਾ ਭਰਮ ਮੁਕਾ ਛੱਡਿਆ ਏ।

ਮੇਰੀ ਮੇਰੀ ਕਰਨਾ ਜਦ ਦਾ ਛੱਡਿਆ ਏ,
ਉਸ ਮਾਲਕ ਨੇ ਮੇਰੇ ਸਿਰ ਤੇ ਹੱਥ ਰੱਖਿਆ ਏ।


Academy of the Punjab in North America - APNA: http://www.apnaorg.com

## "ਪਤਝੜ ਦੇ ਵਿਹੜੇ"

ਬਹਾਰ ਵੀ ਪੱਤਝੜ ਦੇ ਵਿਹੜੇ ਜਾ ਕੁਮਲਾ ਗਈ,
ਅੱਜ ਫਿਰ ਮੈਨੂੰ ਬਿਰਹੜੇ ਦੀ ਰੁੱਤ ਭਾਅ ਗਈ।

ਕਤਰਾ-ਕਤਰਾ ਬੂੰਦ-ਬੂੰਦ ਬਣ ਹੰਝੂ ਵਹਿ ਤੁਰੇ,
ਹੁਣ ਤਾਂ ਲੱਗਦੈ ਬਹਾਰ ਵਿਚ ਵੀ ਪਤਝੜ ਆ ਗਈ।

ਤੱਤੀ ਵਗਦੀ ਲੂੰ ਨੇ ਕਿੰਝ ਫੁੱਲ ਸਾੜੇ ਨੇ
ਉਸ ਬਾਗ਼ ਦੀ ਤਾਂ ਹਰ ਕਲੀ ਕੁਮਲਾ ਗਈ।

ਮੁਰਝਾ ਗਏ ਨੇ ਚਿਹਰੇ ਕੌਮਲ ਨਰਗਸੀ,
ਉਸ ਨੂੰ ਤੇ ਇਸ਼ਕੇ ਦੀ ਸੱਟ ਹੀ ਫੱਟ ਲਾ ਗਈ।

ਪੈਰਾਂ ਹੇਠ ਕਿਉਂ ਇੰਝ ਛਾਲੇ ਹੋ ਗਏ,
ਲੱਗਦੇ ਇਸ ਧਰਤ ਤੇ ਇਕ ਹੋਰ ਸੱਸੀ ਆ ਗਈ।

ਰਮਜ਼ ਤੇਰੀ ਕੀ ਸਮਝਣ, ਕੀ ਹੈ ਦੁੱਖ ਤੈਨੂੰ,
ਲਗਦੈ ਤੈਨੂੰ ਉਸ ਬਾਗ਼ ਦੀ ਸੀ ਕੋਈ ਕਲੀ ਭਾਅ ਗਈ।

ਤਰਸਦੀਆਂ ਨੇ ਕਿਉਂ ਅੱਖੀਆਂ ਇੰਝ ਬੇਵਸੀ ਦੇ ਨਾਲ,
ਲੱਗਦੈ ਕਿ ਤੈਨੂੰ ਵਿਛੋੜੇ ਦੀ ਰੁੱਤ ਖਾ ਗਈ।

ਡੁੱਬ ਰਿਹੈ ਦਿਲ ਮੇਰਾ ਤੇਰੇ ਵੱਲ ਦੇਖ ਕੇ,
ਤੂੰ ਨਾ ਦੇਖਿਆ ਕਿ ਮੁਹੱਬਤ ਮੇਰੇ ਦਿਲ 'ਚ ਕੀ ਕਹਿਰ ਮਚਾ ਗਈ।

ਬਹਾਰ ਵੀ ਪਤਝੜ ਦੇ ਵਿਹੜੇ ਜਾ ਕੁਮਲਾ ਗਈ,
ਅੱਜ ਫਿਰ ਮੈਨੂੰ ਬਿਰਹੜੇ ਦੀ ਰੁੱਤ ਭਾਅ ਗਈ।


Academy of the Punjab in North America - APNA: http://www.apnaorg.com

# ਬਿਰਹੇ ਦੀ ਪੀੜ

ਹਾੜਾ ਈ ਉਏ
ਅਸੀਂ ਬਿਰਹੇ ਦੀ ਪੀੜ ਹੰਢਾਉਂਦੇ ਆਂ।
ਗਲ ਵਿਚ ਮਾਲਾ ਪਾਈ ਨਹੀਉਂ
ਫਿਰ ਵੀ ਮੌਲਾ ਹੀ ਮੌਲਾ ਗਾਉਂਦੇ ਆਂ
ਹਾੜਾ ਈ ਉਏ।
ਅਸੀਂ ਬਿਰਹੇ ਦੀ ਪੀੜ ਹੰਢਾਉਂਦੇ ਆਂ।

ਨਾ ਕੰਨਾਂ ਵਿਚ ਮੁੰਦਰਾਂ ਪਾਈਆਂ,
ਨਾ ਕੋਈ ਭੇਸ ਵਟਾਇਆ
ਨਾ ਹੀ ਕੋਈ ਧੂਣੀ ਬਾਲੀ
ਨਾ ਸੰਦਲੀ ਚੋਲਾ ਪਾਇਆ
ਫਿਰ ਵੀ ਅੱਲਾ ਹੀ ਅੱਲਾ ਗਾਉਂਦੇ ਆਂ
ਹਾੜਾ ਈ ਉਏ
ਅਸੀਂ ਬਿਰਹੇ ਦੀ ਪੀੜ ਹੰਢਾਉਂਦੇ ਆਂ।

ਨਾ ਕਿਸੇ ਨਾਲ ਮਾੜੀ ਕੀਤੀ
ਨਾ ਕੋਈ ਕੁਫ਼ਰ ਤੁਲਾਇਆ
ਰੁੱਖੀ ਮਿੱਸੀ ਜੋ ਵੀ ਮਿਲ ਗਈ
ਢਿੱਡ ਨੂੰ ਝੁਲਕਾ ਲਾਇਆ
ਉਸ ਦੀ ਰਜ਼ਾ ਦੇ ਰੰਗੀਂ ਰੰਗੇ
ਉਸ ਦਾ ਨਾਮ ਧਿਆਉਂਦੇ ਆਂ
ਹਾੜਾ ਈ ਉਏ
ਅਸੀਂ ਬਿਰਹੇ ਦੀ ਪੀੜ ਹੰਢਾਉਂਦੇ ਆਂ।


Academy of the Punjab in North America - APNA: http://www.apnaorg.com

## ਇਨਸਾਨੀਅਤ

ਇਨਸਾਨ ਹਾਂ ਇਨਸਾਨੀਅਤ ਦੇ ਕਾਬਿਲ ਸਮਝੋ,
ਕਿਉਂ ਕਰਦੇ ਹੋ ਇੰਝ ਵਧੀਕੀਆਂ
ਜ਼ਰਾ ਸਾਨੂੰ ਵੀ ਪਿਆਰ ਦੇ ਕਾਬਿਲ ਸਮਝੋ।

ਕੀ ਹੋਇਆ ਗਰੀਬ ਹਾਂ, ਇਨਸਾਨ ਵੀ ਤਾਂ ਹਾਂ,
ਜ਼ਰਾ ਆਪਣੇ ਪੈਰਾਂ 'ਚ ਬੈਠਣ ਦੇ ਕਾਬਿਲ ਸਮਝੋ।

ਕਿਉਂ ਨਹੀਂ ਬੋਲ ਦਿੰਦੇ ਦੋ ਲਫ਼ਜ਼ ਪਿਆਰ ਦੇ,
ਘਟਣ ਨਹੀਂ ਲੱਗੇ ਜ਼ਰਾ ਆਪਣੇ ਆਪ ਨੂੰ ਇਸ ਕਾਬਿਲ ਸਮਝੋ।

ਕਿਉਂ ਦਬਾਉਂਦੇ ਹੋ ਪਹਿਲਾਂ ਹੀ ਦੱਬਿਆਂ ਨੂੰ,
ਸਾਨੂੰ ਵੀ ਜ਼ਰਾ ਸਿਰ ਉਠਾਉਣ ਦੇ ਕਾਬਿਲ ਸਮਝੋ।

ਇਨਸਾਨ ਹਾਂ ਇਨਸਾਨੀਅਤ ਦੇ ਕਾਬਿਲ ਸਮਝੋ,
ਕਿਉਂ ਕਰਦੇ ਹੋ ਇੰਝ ਵਧੀਕੀਆਂ,
ਜ਼ਰਾ ਸਾਨੂੰ ਵੀ ਪਿਆਰ ਦੇ ਕਾਬਿਲ ਸਮਝੋ।


Academy of the Punjab in North America - APNA: http://www.apnaorg.com

# ਮੈਂ ਤਰਸਾਂ ਤੇਰੀ ਦੀਦ ਨੂੰ

ਮੈਂ ਤਰਸਾਂ ਨਿੱਤ ਤਰਸਾਂ ਤੇਰੀ ਦੀਦ ਨੂੰ,
ਕਦੇ ਦਰਸ਼ਨ ਦੇ, ਕਿਉਂ ਲਾਰੇ ਲਾਵੇਂ ਮੁਰੀਦ ਨੂੰ।

ਹਰ ਪਲ ਤੇਰਾ ਨਾਂ ਜਪਦੇ ਹਾਂ,
ਇਨ੍ਹਾਂ ਬੁੱਲ੍ਹੀਆਂ ਤੇ ਤੇਰਾ ਨਾਂ ਰੱਖਦੇ ਹਾਂ।

ਇਕ ਪਲ ਹੋ ਜਾਣ ਦੀਦਾਰ ਤੇਰੇ,
ਬੈਠੇ ਹਾਂ, ਇਸ ਉਮੀਦ ਨੂੰ।

ਈਦ ਦਾ ਚੰਨ ਨਾ ਬਣ ਚੰਨ ਮੇਰੇ,
ਦੂਰ ਕਰੀਂ ਮੇਰੀ ਹਾਲਤ ਇਸ ਅਜੀਬ ਨੂੰ।

'ਢਿੱਲੋਂ' ਵਰਗੇ ਮਹਿਰਮ ਨਹੀਂ ਲੱਭਣੇ,
ਕਦੇ ਦਰਸ਼ਨ ਦੇ ਇਸ ਗਰੀਬ ਨੂੰ।

ਮੈਂ ਤਰਸਾਂ ਨਿੱਤ ਤਰਸਾਂ ਤੇਰੀ ਦੀਦ ਨੂੰ,
ਕਦੇ ਦਰਸ਼ਨ ਦੇ ਕਿਉਂ ਲਾਰੇ ਲਾਵੇਂ ਮੁਰੀਦ ਨੂੰ।


Academy of the Punjab in North America - APNA: http://www.apnaorg.com

## ਵਿਛੋੜਾ

ਤੇਰੇ ਇੰਝ ਤੁਰ ਜਾਣ ਦਾ ਵਿਛੋੜਾ ਝੱਲ ਨਾ ਸਕੇ।
ਇੰਝ ਹੋਈ ਹੰਝੂਆਂ ਦੀ ਬਰਸਾਤ ਕਿ ਠੱਲ ਨਾ ਸਕੇ।

ਕੀ ਕਰਦੇ ਤੇਰਾ ਸਿਰਨਾਵਾਂ ਨਹੀਂ ਸੀ ਕੋਲ,
ਇਸੇ ਕਰਕੇ ਖ਼ਤ ਕਦੇ ਘੱਲ ਨਾ ਸਕੇ।

ਤੇਰੇ ਸਾਡੇ ਵਿਚਕਾਰ ਦਾ ਜੋ ਲੰਬਾ ਫ਼ਾਸਲਾ,
ਇਸ ਨੂੰ ਪਾਰ ਕਰਨ ਦਾ ਲੱਭ ਕੋਈ ਹੱਲ ਨਾ ਸਕੇ।

ਤੇਰੀਆਂ ਯਾਦਾਂ ਨੂੰ ਸੀਨੇ ਵਿਚ ਕਰ ਦਫ਼ਨ,
ਕੀ ਕਰਦੇ ਹੋਰ ਕੋਈ ਕਰ ਗੱਲ ਨਾ ਸਕੇ।

ਵਾਪਸ ਪਰਤਣ ਦੀ ਰਹੀ ਨਾ ਆਸ ਕੋਈ,
ਵਤਨ ਉਸ ਦੇ ਸੁਨੇਹਾ ਕੋਈ ਘੱਲ ਨਾ ਸਕੇ।

ਤੇਰੇ ਇੰਝ ਤੁਰ ਜਾਣ ਦਾ ਵਿਛੋੜਾ ਝੱਲ ਨਾ ਸਕੇ,
ਇੰਝ ਹੋਈ ਹੰਝੂਆਂ ਦੀ ਬਰਸਾਤ ਕਿ ਠੱਲ ਨਾ ਸਕੇ।


Academy of the Punjab in North America - APNA: http://www.apnaorg.com

## ਕਿੰਝ ਛੱਡ ਦਿਆਂ ਉਹ ਰਾਹਵਾਂ

ਕਿੰਝ ਛੱਡ ਦਿਆਂ ਉਹ ਰਾਹਵਾਂ,
ਅਜੇ ਮੁੱਕਦੀ ਨਹੀਂ ਤੇਰੇ ਪਰਤਣ ਦੀ ਆਸ।

ਮੈਂ ਤਰਸਿਆ ਵੇਖਣ ਨੂੰ ਉਹ ਸਵੇਰ,
ਅਜੇ ਮੁਕਦੀ ਨਹੀਂ ਇਹ ਹਿਜਰਾਂ ਦੀ ਰਾਤ।

ਤੈਨੂੰ ਦਿਲ ਦਾ ਮਹਿਰਮ ਬਣਾਇਆ,
ਨਾ ਜਾਣੇ ਕਿਉਂ ਆਈ ਨਾ ਵਫ਼ਾ ਮੈਨੂੰ ਰਾਸ।

ਦੁੱਖ-ਸੁੱਖ ਹਰ ਕਦਮ ਨਾਲ ਤੁਰੇ ਸਾਂ,
ਕਿਉਂ ਨਾ ਹੋਇਆ ਤੈਨੂੰ ਕਦੇ ਅਹਿਸਾਸ।

ਇਕ ਤੇਰੇ ਲਈ ਮੈਂ ਸਭ ਕੁਝ ਜਰਿਆ,
ਨਾ ਸਮਝ ਤੈਨੂੰ ਆਈ ਕਦੇ ਦਿਲ ਦੀ ਇਹ ਬਾਤ।

ਕੀ ਕੀ ਦਿੱਤੇ ਦਰਦ ਜ਼ਮਾਨੇ ਨੇ 'ਢਿੱਲੋਂ'
ਅਜੇ ਤੱਕ ਨਾ ਆਈ ਜ਼ਖ਼ਮਾਂ ਨੂੰ ਤਾਬ।

ਕਿੰਝ ਛੱਡ ਦਿਆਂ ਉਹ ਰਾਹਵਾਂ,
ਅਜੇ ਮੁਕਦੀ ਨਹੀਂ ਤੇਰੇ ਪਰਤਣ ਦੀ ਆਸ।


Academy of the Punjab in North America - APNA: http://www.apnaorg.com

## ਤੂੰ ਰੁੱਸਿਆ ਸਾਡੇ ਹਾਸੇ ਰੁੱਸ ਗਏ

ਤੂੰ ਰੁੱਸਿਆ ਸਾਡੇ ਹਾਸੇ ਰੁੱਸ ਗਏ।
ਜਿੰਨੇ ਸੀ ਸਭ ਨਾਤੇ ਟੁੱਟ ਗਏ।

ਮਿਲਿਆ ਨਾ ਕੋਈ ਦਿਲ ਦਾ ਮਹਿਰਮ,
ਦਿਲ ਜਾਨੀ ਦਿਲ ਲੈ ਕੇ ਲੁੱਟ ਗਏ।

ਜਿਸ ਨਾਲ ਦਿਲ ਦਾ ਦਰਦ ਵੰਡਾਇਆ,
ਦਰਦਾਂ ਦੇ ਦਰਿਆ ਵਿਚ ਸੁੱਟ ਗਏ।

ਇਕ ਇਕ ਕਰਕੇ ਸਭ ਨੂੰ ਖੋਇਆ,
ਸਾਡੇ ਤਾਂ ਅਰਮਾਨ ਹੀ ਲੁਟ ਗਏ।

ਐਨੇ ਦਰਦ ਹੰਢਾਏ 'ਢਿੱਲੋਂ',
ਰੋ-ਰੋ ਹੁਣ ਅੱਥਰੂ ਵੀ ਮੁੱਕ ਗਏ।

ਤੂੰ ਰੁੱਸਿਆ ਸਾਡੇ ਹਾਸੇ ਰੁੱਸ ਗਏ।
ਜਿੰਨੇ ਸੀ ਸਭ ਰਿਸ਼ਤੇ ਟੁੱਟ ਗਏ।


Academy of the Punjab in North America - APNA: http://www.apnaorg.com

# ਡਰਦਾ ਹਾਂ ਕਿਧਰੇ ਮੈਂ ਕਿਸੇ ਨੂੰ

ਡਰਦਾ ਹਾਂ ਕਿਧਰੇ ਮੈਂ ਕਿਸੇ ਨੂੰ,
ਪਿਆਰ ਨਾ ਕਰ ਬੈਠਾਂ।

ਨੈਣਾਂ ਦੇ ਤਿੱਖੇ ਤੀਰ,
ਦਿਲ ਦੇ ਪਾਰ ਨਾ ਕਰ ਬੈਠਾਂ।

ਨਜ਼ਰਾਂ ਝੁਕਾਈ ਰੱਖਦਾ ਹਾਂ,
ਕਿੱਧਰੇ ਅੱਖਾਂ ਚਾਰ ਨਾ ਕਰ ਬੈਠਾਂ।

ਡਰਦਾ ਹਾਂ ਕਿਧਰੇ ਮੈਂ ਕਿਸੇ ਨੂੰ,
ਪਿਆਰ ਨਾ ਕਰ ਬੈਠਾਂ।

ਡਰਦਾ ਹਾਂ ਤੁਹਮਤਾਂ ਤੋਂ,
ਕਿਧਰੇ ਦਾਮਨ ਦਾਗਦਾਰ ਨਾ ਕਰ ਬੈਠਾਂ।

ਯਾਰਾਂ ਦੀਆਂ ਮਹਿਫ਼ਲਾਂ 'ਚ,
ਖ਼ੁਦ ਨੂੰ ਬਦਨਾਮ ਨਾ ਕਰ ਬੈਠਾਂ।

ਡਰਦਾ ਹਾਂ ਕਿਧਰੇ ਮੈਂ ਕਿਸੇ ਨੂੰ,
ਪਿਆਰ ਨਾ ਕਰ ਬੈਠਾਂ।


Academy of the Punjab in North America - APNA: http://www.apnaorg.com

# ਤੂੰ ਕਦੇ ਵੀ ਸਾਡਾ ਹੋਇਆ ਈ ਨਹੀਂ

ਕਿੰਝ ਕਰਾਂ ਵਿਸ਼ਵਾਸ ਤੇਰੇ ਤੇ,
ਤੂੰ ਕਦੇ ਸਾਡਾ ਹੋਇਆ ਈ ਨਹੀਂ।

ਜਿਵੇਂ ਦਿਲ ਮੇਰਾ ਇਹ ਰੋਂਦਾ ਏ,
ਤੂੰ ਕਦੇ ਵੀ ਏਦਾਂ ਰੋਇਆ ਈ ਨਹੀਂ।

ਮੈਂ ਆਪਣੇ ਜਿੱਦਾਂ ਖੋਏ ਨੇ,
ਤੂੰ ਕਦੇ ਕਿਸੇ ਨੂੰ ਖੋਇਆ ਈ ਨਹੀਂ।

ਮੈਂ ਕਿੱਦਾਂ ਬਣ ਜਾਂ ਤੇਰੇ ਜਿਹੀ,
ਤੂੰ ਕਦੇ ਮੇਰੇ ਵਰਗਾ ਹੋਇਆ ਈ ਨਹੀਂ।

ਤੇਰੇ ਆਪਣੇ ਸਾਰੇ ਤੇਰੇ ਨੇ,
ਤੂੰ ਕਦੇ ਸਾਡੇ ਨਾਲ ਖਲੋਇਆ ਈ ਨਹੀਂ।

ਅਸੀਂ ਸਭ ਕੁਝ ਤੈਨੂੰ ਦੇ ਦਿੱਤਾ,
ਤੂੰ ਕਦੇ ਸਾਡੇ ਜੋਗਾ ਹੋਇਆ ਈ ਨਹੀਂ।

ਸਭ ਆਪਣੀ-ਆਪਣੀ ਕਹਿ ਤੁਰ ਗਏ,
ਸਾਡੇ ਹੱਕ ਵਿਚ ਕੋਈ ਖਲੋਇਆ ਈ ਨਹੀਂ।

ਕਿੰਝ ਕਰਾਂ ਵਿਸ਼ਵਾਸ ਮੈਂ ਤੇਰੇ ਤੇ,
ਤੂੰ ਕਦੇ ਵੀ ਸਾਡਾ ਹੋਇਆ ਈ ਨਹੀਂ।


Academy of the Punjab in North America - APNA: http://www.apnaorg.com

## ਬੈਠੇ ਹੈਂ ਤੇਰੇ ਕਦਮੋਂ ਮੇਂ

ਬੈਠੇ ਹੈਂ ਤੇਰੇ ਕਦਮੋਂ ਮੇ ਇਸ ਕਦਰ,
ਬੈਠੇ ਹੋਂ ਜੈਸੇ ਉਸ ਖ਼ੁਦਾ ਕੇ ਘਰ।

ਪੂਜਤੇ ਹੈਂ ਲੋਗ ਜੈਸੇ ਉਸ ਭਗਵਾਨ ਕੋ,
ਹਮਨੇ ਭੀ ਪੂਜਾ ਹੈ ਇਕ ਜ਼ਿੰਦਾ ਦਿਲ ਇਨਸਾਨ ਕੋ।

ਜ਼ਿੰਦਗੀ ਕਾ ਮਾਇਨਾ ਭੂਲ ਚੁਕੇ ਥੇ ਹਮ,
ਜੀਨੇ ਕਾ ਰਾਸਤਾ ਦਿਖਲਾਇਆ ਉਸੀ ਨੇ ਇਸ ਇਨਸਾਨ ਕੋ।

ਭਰ ਦੀ ਜ਼ਿੰਦਗੀ ਮੇਂ ਖ਼ੁਸ਼ੀਆਂ ਦੂਰ ਕਰ ਦੀਏ ਗ਼ਮ,
ਪੱਥਰ ਸੇ ਫੂਲ ਬਨਾਇਆ ਉਸੀ ਨੇ ਇਸ ਇਨਸਾਨ ਕੋ।

ਮਰ ਚੁਕੇ ਥੇ ਜ਼ਿੰਦਗੀ ਕੇ ਅਰਮਾਨ ਮੇਰੇ,
ਉਸੀ ਨੇ ਪਿਘਲਾਇਆ ਸ਼ਾਇਦ ਇਸ ਇਨਸਾਨ ਕੋ।

ਖ਼ੁਦ ਉਸ ਖ਼ੁਦਾ ਕੇ ਬੰਦੇ ਕੋ ਖ਼ੁਸ਼ ਰਖੇ,
ਜਿਸ ਨੇ ਦਿਖਾਇਆ ਖ਼ੁਦਾ ਕਾ ਦਰ ਇਸ ਇਨਸਾਨ ਕੋ।

ਦੁਆ ਨਿਕਲੇ ਉਸੀ ਕੇ ਲੀਏ ਹਰ ਵਕਤ,
ਦਵਾ ਬਨਕਰ ਦੁਆ ਦੀ ਉਸ ਨੇ ਇਸ ਇਨਸਾਨ ਕੋ।


Academy of the Punjab in North America - APNA: http://www.apnaorg.com

# ਬਿਰਹੇ ਦਾ ਰੁੱਖ

ਕੌਣ ਸੀ ਜੋ ਵਿਹੜੇ ਸਾਡੇ ਬਿਰਹੇ ਦੇ ਰੁੱਖ ਲਾ ਗਿਆ।
ਕੌਣ ਸੀ ਜੋ ਹਿਜਰਾਂ ਦੀ ਭੱਠੀ, ਦਿਲ ਦੇ ਵਿਹੜੇ ਤਾਅ ਗਿਆ।

ਕੌਣ ਸੀ ਜੋ 'ਨੇਰਿਆਂ ਨੂੰ ਦਰ ਤੇ ਬਿਠਾ ਗਿਆ,
ਕੌਣ ਸੀ ਜੋ ਪੀੜਾਂ ਦਾ ਪਰਾਗਾ ਸੱਖਣੀ ਝੋਲੀ ਪਾ ਗਿਆ।

ਕੌਣ ਸੀ ਜੋ ਚੁੱਪ ਦੀ ਸੁਗ਼ਾਤ ਦੇ ਗਿਆ,
ਕੌਣ ਸੀ ਜੋ ਲਫ਼ਜ਼ਾਂ ਨੂੰ ਜਿੰਦੇ ਲਾ ਗਿਆ।

ਕੌਣ ਸੀ ਜੋ ਜਿਉਂਦੇ ਜੀਅ ਮੇਰੀ 'ਮੈਂ' ਲੈ ਗਿਆ,
ਕੌਣ ਸੀ ਜੋ ਜ਼ਿੰਦਗੀ ਜਿਊਣ ਦਾ ਸਬਕ ਸਿਖਾ ਗਿਆ।

ਕੌਣ ਸੀ ਜੋ ਜੀਊਣ-ਮਰਨ ਦੀ ਲਾਲਸਾ ਮਿਟਾ ਗਿਆ,
ਕੌਣ ਸੀ ਜੋ ਛਾਂਵੇਂ ਇਸ ਰੁੱਖ ਦੀ ਬਿਠਾ ਗਿਆ।

ਕੌਣ ਸੀ ਜੋ ਵਿਹੜੇ ਸਾਡੇ ਬਿਰਹੇ ਦਾ ਰੁੱਖ ਲਾ ਗਿਆ,
ਕੌਣ ਸੀ ਜੋ ਜ਼ਿੰਦਗੀ ਨੂੰ ਹਿਜਰਾਂ ਦੀ ਅੱਗ ਲਾ ਗਿਆ।


Academy of the Punjab in North America - APNA: http://www.apnaorg.com

## ਖਾਰੇ ਖਾਰੇ ਹੰਝੂ

ਖਾਰੇ ਖਾਰੇ ਹੰਝੂ ਪੀ ਕੇ,
ਕਿੰਝ ਰੋ-ਰੋ ਵਕਤ ਲੰਘਾਏ ਆ।

ਹੁਣ ਤਾਂ ਸੁਣ ਲੈ ਡਾਹਢਿਆ ਰੱਬਾ,
ਵੇ ਅਸੀਂ ਕੀ-ਕੀ ਦਰਦ ਹੰਢਾਏ ਆ।

ਅੰਗ-ਸਾਕ ਕੋਈ ਨਾਲ ਨਾ ਤੁਰਿਆ,
ਤੇਰੇ ਸੰਗ ਯਰਾਨੇ ਲਾਏ ਆ।

ਆਪਣਿਆਂ ਤੋਂ ਖਾਧੇ ਧੋਖੇ,
ਤੇ ਅਰਮਾਨਾਂ ਦੇ ਕਤਲ ਕਰਾਏ ਆ।

ਬਾਹਵਾਂ ਦੀ ਨਾ ਗਲਵੱਕੜੀ ਕੋਈ,
ਵੀਰਾਂ ਦੀ ਨਾ ਰੱਖੜੀ ਕੋਈ।

ਮਾਂ-ਬਾਪ ਨਾ ਭੈਣ ਕੋਈ ਭਾਈ,
ਸਭ ਰਿਸ਼ਤੇ ਤੇਰੇ ਸੰਗ ਨਿਭਾਏ ਆ।

ਲੋਕਾਂ ਅੱਗੇ ਦਿਲ ਨਾ ਫੋਲੇ,
ਬਸ ਤੇਰੇ ਨਾਲ ਦਰਦ ਵੰਡਾਏ ਆ।

ਪਿਆਰ ਤੇਰੇ ਨਾਲ ਪਾ ਬੈਠੇ ਹਾਂ,
ਤੇਰੇ ਸੰਗ ਯਰਾਨੇ ਲਾਏ ਆ।

ਖਾਰੇ ਖਾਰੇ ਹੰਝੂ ਪੀ ਕੇ,
ਕਿੰਝ ਰੋ-ਰੋ ਵਕਤ ਲੰਘਾਏ ਆ।


Academy of the Punjab in North America - APNA: http://www.apnaorg.com

## ਮੇਰੀਆਂ ਬਾਤਾਂ ਮੁੱਕਦੀਆਂ ਨਾ-ਹੀਂ

ਮੇਰੀਆਂ ਬਾਤਾਂ ਮੁੱਕਦੀਆਂ ਨਾ-ਹੀਂ,
ਰਹਿ ਲੈ ਇਕ ਦੋ ਰਾਤਾਂ ਹੋਰ।

ਮੇਰੇ ਸੀਨੇ ਵਿਚ ਠੰਢ ਪਾ ਦੇ,
ਕਹਿ ਲੈ ਇਕ ਦੋ ਬਾਤਾਂ ਹੋਰ।

ਤੇਰੀ ਚੁੱਪ ਸਹੀ ਨਹੀਂ ਜਾਂਦੀ,
ਮੇਰੇ ਅੰਦਰ ਮੱਚਿਆ ਸ਼ੋਰ।

ਮੇਰੀਆਂ ਬਾਤਾਂ ਮੁੱਕੀਆਂ ਨਾ-ਹੀਂ,
ਰਹਿ ਲੈ ਇਕ ਦੋ ਰਾਤਾਂ ਹੋਰ।

ਮੇਰੀ ਰੂਹ ਪਿਆਸੀ ਹਾਲੇ,
ਇਕ ਦੋ ਜਾਮ ਪਿਲਾ ਦੇ ਹੋਰ।

ਤੇਰੀ ਹਰ ਗੱਲ ਮੰਨ ਲਈ ਏ,
ਤੂੰ ਵੀ ਹੁਣ ਦਿਲ ਨਾ ਤੋੜ।

ਘੁੱਟ ਸਬਰ ਦੇ ਰੱਜ ਰੱਜ ਪੀਤੇ,
ਹੁਣ ਤਾਂ ਦੇਹ ਤੂੰ ਸਭ ਬੰਨ੍ਹ ਤੋੜ।

ਮੇਰੀਆਂ ਬਾਤਾਂ ਮੁੱਕੀਆਂ ਨਾ-ਹੀਂ,
ਰਹਿ ਲੈ ਇਕ ਦੋ ਰਾਤਾਂ ਹੋਰ।


Academy of the Punjab in North America - APNA: http://www.apnaorg.com

## ਅੱਜ ਫਿਰ ਮੇਰੀ ਜ਼ਿੰਦਗੀ 'ਚ

ਅੱਜ ਫਿਰ ਮੇਰੀ ਜ਼ਿੰਦਗੀ 'ਚ,
ਬਹਾਰ ਆ ਗਈ।

ਸਦੀਆਂ ਤੋਂ ਜਿਸ ਦੀ ਸੀ ਉਡੀਕ,
ਫਿਰ ਇਕ ਵਾਰ ਆ ਗਈ।

ਹਾਸਿਆਂ ਦਾ ਗੁਲਦਸਤਾ ਲੈ ਕੇ,
ਜਿਉਂ ਪਰੀਆਂ ਦੀ ਡਾਰ ਆ ਗਈ।

ਖਿੜਿਆ ਏ ਮੇਰੇ ਦਿਲ ਦਾ ਵਿਹੜਾ,
ਜਿਉਂ ਫੁੱਲਾਂ ਦੀ ਫੁਹਾਰ ਆ ਗਈ।

ਸੁੱਤੀ ਹੋਈ ਕਿਸਮਤ ਮੇਰੀ ਦੇਖੋ,
ਕੀ-ਕੀ ਲੈ, ਚਮਤਕਾਰ ਆ ਗਈ।

ਦੁੱਖਾਂ ਦੇ ਬੱਦਲ ਖਿੰਡ ਗਏ,
ਫਿਰ ਖੁਸ਼ੀਆਂ ਦੀ ਬੁਛਾੜ ਗਈ।

ਅੱਜ ਫਿਰ ਮੇਰੀ ਜ਼ਿੰਦਗੀ 'ਚ,
ਬਹਾਰ ਆ ਗਈ।


Academy of the Punjab in North America - APNA: http://www.apnaorg.com

# ਸੁਣ ਨੀ ਭੋਲੀਏ ਤੱਤੜੀਏ

ਸੁਣ ਲੀ ਭੋਲੀਏ ਤੱਤੜੀਏ,
ਨਾ ਲੈ ਅੰਗੜਾਈਆਂ।

ਅੱਲ੍ਹੜ ਉਮਰ ਵਰੇਸ ਨੀ,
ਕਾਹਤੋਂ ਅੱਖੀਆਂ ਲਾਈਆਂ।

ਮਾਰ ਉਡਾਰੀ ਉੱਡ ਜਾਂਦੇ ਨੇ,
ਉਮਰਾਂ ਲੰਘਣ ਵਿਚ ਜੁਦਾਈਆਂ।

ਐਂਵੇਂ ਪੀਂਘਾਂ ਪਿਆਰ ਦੀਆਂ,
ਕਿਉਂ ਭੌਰਾ ਸੰਗ ਪਾਈਆਂ।

ਫੱਟ ਹਿਜਰਾਂ ਦੇ ਰਿਸਦੇ ਰਹਿੰਦੇ,
ਲੱਖਾਂ ਭਾਵੇਂ ਦਵਾਈਆਂ।

ਮਨ ਦੇ ਮੀਤ ਨਾ ਬਹੁੜਦੇ,
ਮਰ ਗਈਆਂ ਤਿਰਹਾਈਆਂ।

ਤੇਰੇ ਵਰਗੀਆਂ ਸ਼ੋਅ ਅੱਲ੍ਹੜਾਂ ਨੇ,
ਬਹਿ ਬਹਿ ਔਸੀਆਂ ਪਾਈਆਂ।

ਅੱਗ ਇਸ਼ਕੇ ਦੀ ਸਾੜੇ,
ਨੀ ਸਾੜੇ ਵਿਚ ਤਨਹਾਈਆਂ।

ਸੁਣ ਨੀ ਭੋਲੀਏ ਤੱਤੜੀਏ,
ਨਾ ਲੈ ਅੰਗੜਾਈਆਂ।


Academy of the Punjab in North America - APNA: http://www.apnaorg.com

## ਟੱਪੇ

ਫੁੱਲ ਕੰਡਿਆਂ ਦੀ ਯਾਰੀ ਏ
ਉਏ ਜਿਹੜੇ ਰਾਹੇ ਤੂੰ ਤੁਰਿਆ
ਉਥੇ ਖੱਜਲ ਖੁਆਰੀ ਏ।

ਭੇਦ ਨੈਣਾਂ ਦੇ ਨਈਂ ਖੋਲ੍ਹੀ ਦੇ
ਹਰ ਥਾਂ ਤੇ ਜਾ ਜਾ ਕੇ
ਐਵੇਂ ਦੁਖੜੇ ਨਈਂ ਫੋਲ੍ਹੀ ਦੇ

ਨੈਣ ਨੈਣਾਂ ਨਾ' ਮਿਲਾ ਲਏ ਨੇ
ਵੇ ਤੇਰੀਆਂ ਚਲਾਕੀਆਂ ਦੇ
ਭੇਦ ਡਾਹਢੇ ਅਸਾਂ ਪਾ ਲਏ ਨੇ।


Academy of the Punjab in North America - APNA: http://www.apnaorg.com

# ਕੁਝ ਉਂਝ ਮਰ ਗਏ ਸੀ

ਹੌਲੀ ਹੌਲੀ ਕਰਕੇ ਅਸਾਂ,
ਸਭ ਰਿਸ਼ਤੇ ਹੀ ਖੋਏ ਨੇ।

ਕੁਝ ਉਂਝ ਮਰ ਗਏ ਸੀ ਸੱਜਣਾ,
ਕੁਝ ਜਿਉਂਦੇ ਜੀਅ ਹੀ ਮੋਏ ਨੇ।

ਪੱਥਰ ਜਿਹਾ ਜੇਰਾ ਕਰਕੇ,
ਅਸਾਂ ਕੀ ਕੀ ਦੁੱਖ ਲਕੋਏ ਨੇ।

ਸੁਣਦੇ ਸਾਂ ਕਦੇ ਲੋਕਾਂ ਤੋਂ,
ਮਾਪੇ ਕੁਮਾਪੇ ਨਈਂ ਹੁੰਦੇ।

ਅੱਜ ਵੀਰ-ਭੈਣ ਵੀ ਬਦਲ ਗਏ,
ਮਾਪੇ ਵੀ ਕੁਮਾਪੇ ਹੋਏ ਨੇ।

ਕਲਯੁਗ ਦੀ ਇਹ ਦੁਨੀਆਂ,
ਪੈਸਾ ਹੈ ਪਰਧਾਨ ਇਥੇ।

ਜਿਹੜੇ ਰਿਸ਼ਤੇ ਜਾਨੋ ਪਿਆਰੇ ਸੀ,
ਅੱਜ ਉਹੀਓ ਦੁਸ਼ਮਣ ਹੋਏ ਨੇ।

ਧੀਆਂ-ਪੁੱਤਰਾਂ ਦੇ ਘਰ ਪੱਟਦੇ ਨੇ,
ਨਰਕਾਂ ਦੇ ਭਾਗੀ ਹੋਏ ਨੇ।

ਅੱਜ ਮੂਲ ਤੋਂ ਵਿਆਜ ਪਿਆਰਾ ਨਹੀਂ,
ਨੌਹਾਂ ਨਾਲੋਂ ਮਾਸ ਵੱਖ ਹੋਏ ਨੇ।

ਕੁਝ ਉਂਝ ਮਰ ਗਏ ਸੀ ਸੱਜਣਾ,
ਕੁਝ ਜਿਉਂਦੇ ਜੀਅ ਹੀ ਮੋਏ ਨੀ।


Academy of the Punjab in North America - APNA: http://www.apnaorg.com

# ਇਨਸਾਨ ਦੀ ਫ਼ਿਤਰਤ

ਮੈਂ ਇਨਸਾਨ ਦੀ ਫ਼ਿਤਰਤ ਨੂੰ ਸਮਝਾਂ ਕਿਵੇਂ,
ਕਿੰਨਾ ਮਤਲਬੀ ਤੇ ਕਿੰਨਾ ਬੇਈਮਾਨ ਏ।

ਹਰ ਵਕਤ ਹੀ ਰਹਿੰਦਾ ਕੁਝ ਪਾਉਣ ਦੀ ਭਾਲ ਵਿਚ,
ਹਰ ਵਕਤ ਹੀ ਬਨਿਆ ਰਹਿੰਦਾ ਸ਼ੈਤਾਨ ਏ।

ਭਟਕ ਰਿਹਾ ਏ ਕਿੰਝ ਗਲੀ ਗਲੀ,
ਜੰਗਲਾਂ ਵਿਚ ਕਿਉਂ ਢੂੰਡਦਾ ਭਗਵਾਨ ਏ।

ਮੇਰੀ ਸ਼ਰਾਫ਼ਤ ਤੇ ਕਿੰਝ ਹੱਸ ਰਿਹਾ,
ਸ਼ਾਇਦ ਮੇਰੀ ਚੁੱਪ ਦਾ ਲੈ ਰਿਹਾ ਇਮਤਿਹਾਨ ਏ।

ਹੱਸ ਕੇ ਜੇ ਬੋਲ ਲਏ ਦੋ ਲਫ਼ਜ਼ ਪਿਆਰ ਦੇ,
ਸਮਝ ਨਈਂ ਆਉਂਦੀ ਇਨਸਾਨ ਐਨਾ ਕਿਉਂ ਹੈਰਾਨ ਏ।

ਆਪਣੀ ਜ਼ਿੰਦਗੀ ਤਾਂ ਸਵਰਗ ਬਣਾਈ ਨਹੀਂ ਜਾਂਦੀ,
ਦੂਜਿਆਂ ਦੀ ਜ਼ਿੰਦਗੀ 'ਚ ਦਖ਼ਲ ਦੇ ਰਿਹਾ ਇਨਸਾਨ ਏ।

ਹਰ ਕਿਸੇ ਦੇ ਦਾਮਨ ਤੇ ਸੁੱਟ ਰਿਹਾ ਚਿੱਕੜ,
ਪਤਾ ਨਈਂ ਇਨਸਾਨ ਕਿਉਂ ਬਣ ਰਿਹਾ ਸ਼ੈਤਾਨ ਏ।

ਮੈਂ ਇਨਸਾਨ ਦੀ ਫ਼ਿਤਰਤ ਨੂੰ ਸਮਝਾਂ ਕਿਵੇਂ,
ਕਿੰਨਾ ਮਤਲਬੀ ਤੇ ਕਿੰਨਾ ਬੇਈਮਾਨ ਏ।


Academy of the Punjab in North America - APNA: http://www.apnaorg.com

## ਆਪਣੇ ਪਿਆਰਿਆਂ ਨੇ ਮਾਰਿਆ

ਮੈਨੂੰ ਤਾਂ ਮੇਰੇ ਰਹਿਨੁਮਾ ਦੀ,
ਰਹਿਨੁਮਾਈ ਨੇ ਮਾਰਿਆ।

ਦੇਣਾ ਕੀ ਦੋਸ਼ ਗ਼ੈਰ ਨੂੰ,
ਮੈਨੂੰ ਪਿਆਰਿਆਂ ਨੇ ਮਾਰਿਆ।

ਕਰਦੇ ਰਹੇ ਪਹਾੜ ਜਿੱਡੇ ਵਾਅਦੇ ਜੋ ਉਹ,
ਮੈਨੂੰ ਤਾਂ ਉਸ ਬੇਵਫ਼ਾ ਦੇ ਲਾਰਿਆਂ ਨੇ ਮਾਰਿਆ।

ਗਲ ਨਾਲ ਲਗਾ ਕੇ ਦਿੰਦੇ ਦਿਲਾਸੇ ਸੀ ਜੋ,
ਮੈਨੂੰ ਤਾਂ ਬਿਨ ਕਿਨਾਰੇ ਦੇ ਸਹਾਰਿਆਂ ਨੇ ਮਾਰਿਆ।

ਖੜ੍ਹੇ ਹੋਣ ਦੀ 'ਢਿੱਲੋਂ' ਜਦੋਂ ਵੀ ਕੋਸ਼ਿਸ਼ ਕੀਤੀ,
ਮੈਨੂੰ ਤਾਂ ਹੱਕਮਾਰਾਂ ਦੀ ਬੇਵਫ਼ਾਈ ਨੇ ਮਾਰਿਆ।

ਮੈਨੂੰ ਤਾਂ ਮੇਰੇ ਰਹਿਨੁਮਾ ਦੀ,
ਰਹਿਨੁਮਾਈ ਨੇ ਮਾਰਿਆ।


Academy of the Punjab in North America - APNA: http://www.apnaorg.com

# ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ

ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ,
ਹੜ੍ਹ ਹੰਝੂਆਂ ਦਾ ਆਇਆ,
ਨੀ ਮੈਂ ਅੰਦਰ ਬਹਿ ਬਹਿ ਰੋਈ ਸੀ।

ਨੌਂਹ ਮਾਸ ਨਾਲੋਂ ਵੱਖ ਕਰਕੇ,
ਜਦ ਤੂੰ ਨਿਰਮੋਹੀ ਹੋਈ ਸੀ,
ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ।

ਮੇਰਾ ਕਸੂਰ ਤਾਂ ਦੱਸਿਆ ਹੀ ਨਹੀਂ,
ਝੂਠ ਦੀ ਸੁਣਵਾਈ ਹੋਈ ਸੀ,
ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ।

ਮਾਪੇ ਕੁਮਾਪੇ ਕਿੰਝ ਹੁੰਦੇ,
ਕਿੰਝ ਪਹਿਲੀ ਵਾਰੀ ਹੋਈ ਸੀ,
ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ।

ਤੱਕੜੀ ਦੇ ਦੋ ਪੱਲੜਿਆਂ ਵਿਚੋਂ,
ਤੂੰ ਪੁੱਤਰਾਂ ਦੀ ਹੋਈ ਸੀ,
ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ।

ਕੁੱਖਾਂ ਵਿਚ ਮਾਰਨ ਧੀਆਂ ਲੋਕੀਂ,
ਨੀ ਮੈਂ ਅੱਜ ਧੀਆਂ ਵਾਲੀ ਹੀ ਮੋਈ ਸੀ,
ਮਾਏਂ ਨੀ ਜਦ ਤੂੰ ਮਤਰੇਈ ਹੋਈ ਸੀ


Academy of the Punjab in North America - APNA: http://www.apnaorg.com

## ਦੁਨੀਆ ਕੀ ਕੀ ਰੰਗ ਦਿਖਾਉਂਦੀ ਏ

ਤੇਰੀ ਸਮਝ ਨਾ ਆਈ ਮੈਨੂੰ,
ਕੀ ਕੀ ਰੰਗ ਦਿਖਾਉਂਦੀ ਏਂ।

ਕਿੱਧਰੇ ਧੱਕੇ ਮਾਰੇ ਮੈਨੂੰ,
ਕਿੱਧਰੇ ਨੇੜੇ ਨੇੜੇ ਆਉਂਦੀ ਏਂ।

ਕਿੱਧਰੇ ਰੋਇਆ ਪਿੱਟਿਆ ਮੈਨੂੰ,
ਕਿੱਧਰੇ ਮਾਰ ਮੁਕਾਉਂਦੀ ਏਂ।

ਛੱਡ ਕੇ ਢਿੱਡੋਂ ਜਾਏ ਆਪਣੇ,
ਪੈਸਾ ਗਲ ਨਾਲ ਲਾਉਂਦੀ ਏਂ।

ਕਿੰਨੇ ਜ਼ੁਲਮ ਕਮਾਏ ਸੀ,
ਨਾ ਦੇਖੀ ਧੀ ਕੁਰਲਾਉਂਦੀ ਏਂ।

ਤੇਰੀਆਂ ਚੋਭੀਆਂ ਸੂਲਾਂ ਨੂੰ,
ਅੱਜ ਵੀ ਤਾਬ ਨਾ ਆਉਂਦੀ ਏ।

ਟੁੱਟਿਆ ਏ ਵਿਸ਼ਵਾਸ ਮੇਰਾ,
ਹੁਣ ਕਿਉਂ ਤੂੰ ਹੇਜ ਜਤਾਉਂਦੀ ਏਂ।

ਮੈਂ ਭੁੱਲਣ ਦੀ ਕੋਸ਼ਿਸ਼ ਕਰਦੀ,
ਤੂੰ ਮੁੜ ਮੁੜ ਸਾਹਵੇਂ ਆਉਂਦੀ ਏਂ।

ਸੱਚ ਦਾ ਸਾਥ ਤਾਂ ਦਿੱਤਾ ਨਾ,
ਝੂਠਿਆਂ ਨੂੰ ਗਲ ਨਾਲ ਲਾਉਂਦੀ ਏਂ।

ਤੇਰੀ ਸਮਝ ਨਾ ਆਈ ਮੈਨੂੰ,
ਕੀ ਕੀ ਰੰਗ ਦਿਖਾਉਂਦੀ ਏਂ।


Academy of the Punjab in North America - APNA: http://www.apnaorg.com

## ਕਦੇ ਗਲ ਦੇ ਨਾਲ ਲਗਾਉਂਦੇ ਨੇ

ਕਦੇ ਗਲ ਦੇ ਨਾਲ ਲਗਾਉਂਦੇ ਨੇ।
ਕਦੇ ਝਿੜਕਾਂ ਮਾਰ ਬਿਠਾਉਂਦੇ ਨੇ।

ਖ਼ੁਦ ਹਾਸੇ ਦੇਣ ਦੀ ਗੱਲ ਕਰਦੇ,
ਖ਼ੁਦ ਜ਼ਖ਼ਮਾਂ ਤੇ ਲੂਣ ਛਿੜਕਾਉਂਦੇ ਨੇ।

ਦਿੰਦੇ ਨੇ ਦਰਦ ਜੁਦਾਈਆਂ ਦੇ,
ਨਾ ਰਿਸ਼ਤੇ ਤੋੜ ਨਿਭਾਉਂਦੇ ਨੇ।

ਤਾਹਨੇ ਬਿਨ ਗੱਲ ਕਰਦੇ ਨਹੀਂ,
ਹਰ ਇਕ ਗੱਲ ਜਤਾਉਂਦੇ ਨੇ।

ਸੱਚ ਦੀ ਨਾ ਇਹਨਾਂ ਨੂੰ ਕਦਰ ਕੋਈ,
ਝੂਠਿਆਂ ਨੂੰ ਗਲ ਨਾਲ ਲਾਉਂਦੇ ਨੇ।

ਕਦੇ ਗਲ ਦੇ ਨਾਲ ਲਗਾਉਂਦੇ ਨੇ,
ਕਦੇ ਝਿੜਕਾਂ ਮਾਰ ਬਿਠਾਉਂਦੇ ਨੇ।


Academy of the Punjab in North America - APNA: http://www.apnaorg.com

## ਤੂੰ ਮੇਰਾ ਹਮਸਾਇਆ ਏਂ

ਤੂੰ ਮੇਰਾ ਹਮਸਾਇਆ ਏਂ,
ਇਕ ਪਲ ਤੈਥੋਂ ਦੂਰ ਨਾ ਹੋਵਾਂ,
ਤੇਰਾ ਹੀ ਨਾਮ ਧਿਆਇਆ ਏ,
ਤੂੰ ਮੇਰਾ ਹਮਸਾਇਆ ਏਂ।

ਸਭ ਨੇ ਮੈਨੂੰ ਠੇਡੇ ਮਾਰੇ,
ਇਕ ਤੂੰ ਹੀ ਸਾਥ ਨਿਭਾਇਆ ਏ,
ਤੂੰ ਮੇਰਾ ਹਮਸਾਇਆ ਏਂ।

ਅੱਥਰੂ ਪੂੰਝੇ ਹੌਂਸਲੇ ਦਿੱਤੇ,
ਡਿੱਗਦੀ ਨੂੰ ਗਲ ਨਾਲ ਲਾਇਆ ਏ,
ਤੂੰ ਮੇਰਾ ਹਮਸਾਇਆ ਏਂ।


Academy of the Punjab in North America - APNA: http://www.apnaorg.com

# ਮੁੱਖੜਾ ਤਾਂ ਮੈਂ ਵੇਖਾਂ ਜ਼ਰਾ ਹਜ਼ੂਰ ਦਾ

ਮੁੱਖੜਾ ਤਾਂ ਮੈਂ ਵੇਖਾਂ ਜ਼ਰਾ ਹਜ਼ੂਰ ਦਾ।
ਭਰਿਆ ਹੋਇਆ ਲਗਦਾ ਨਿਰਾ ਗਰੂਰ ਦਾ।

ਜਦ ਲੋੜ ਸੀ ਸਾਡੀ ਕਦੇ,
ਯਾਦ ਅਸਾਂ ਦੀ ਆਉਂਦੀ ਸੀ।

ਅੱਜ ਬਦਲਿਆ ਏ ਵੇਖੋ,
ਮੁੱਖੜਾ ਕਿਵੇਂ ਹਜ਼ੂਰ ਦਾ।

ਬਦਲਦੇ ਨੇ ਇੰਝ ਉਹ,
ਜਿਵੇਂ ਬਦਲਦੀਆਂ ਰੁੱਤਾਂ।

ਝੱਲਿਆ ਨਾ ਜਾਵੇ ਕਿਤੇ,
ਨਖ਼ਰਾ ਭਰੇ ਫ਼ਤੂਰ ਦਾ।

ਤੱਕਦੇ ਹਾਂ ਤੇਰੀਆਂ ਰਾਹਾਂ,
ਤਾਂਘ ਤੇਰੇ ਆਉਣ ਦੀ।

ਤੂੰ ਫੜ ਲਿਆ ਏ ਰਸਤਾ,
ਮੰਜ਼ਲ ਕਿਸੇ ਦੂਰ ਦਾ।

ਮੁੱਖੜਾ ਤਾਂ ਮੈਂ ਵੇਖਾਂ ਜ਼ਰਾ ਹਜ਼ੂਰ ਦਾ,
ਭਰਿਆ ਹੋਇਆ ਲਗਦਾ ਨਿਰਾ ਗਰੂਰ ਦਾ।


Academy of the Punjab in North America - APNA: http://www.apnaorg.com

## ਭੋਲੀ ਤੇਰੀ ਸੂਰਤ ਦੇਖ

ਭੋਲੀ ਤੇਰੀ ਸੂਰਤ ਦੇਖ,
ਤੇਰੇ ਤੇ ਇਤਬਾਰ ਕਰ ਲਿਆ।

ਬਿਨ ਵੇਖਿਆਂ ਨਫ਼ਾ ਨੁਕਸਾਨ,
ਸੀਨੇ ਉਤੇ ਵਾਰ ਕਰ ਲਿਆ।

ਤੂੰ ਲਹੀਂ, ਤੇਰੀਆਂ ਯਾਦਾਂ ਨਾਲ,
ਨਿਭਾਉਂਦੇ ਰਹੇ ਹਾਂ ਦੋਸਤੀ।

ਬਿਨ ਸੋਚਿਆਂ ਹੀ ਬਿਰਹੋਂ ਦੀ,
ਅੱਗ ਵਿਚ ਪੈਰ ਧਰ ਲਿਆ।

ਡਗਮਗਾ ਰਹੇ ਸੀ ਪੈਰ,
ਤੇਰੇ ਕਦਮ ਕਦਮ ਤੇ।

ਜਾਹ ਹੁਣ ਅਸਾਂ ਆਪਣਾ,
ਕਿਨਾਰਾ ਹੀ ਕਰ ਲਿਆ।

ਜਾਹ ਉਏ ਕਾਇਰ ਦਿਲ,
ਨਹੀਂ ਲੋੜ ਕੋਈ ਤੇਰੀ।

ਤੂੰ ਤਾਂ ਖੌਰੇ ਕਿਸ ਮੰਜ਼ਲ ਦਾ,
ਰਸਤਾ ਫੜ ਲਿਆ।

ਨਿਭਾ ਨਹੀਂ ਸਕਦੇ ਸੀ,
ਜੇ ਕਿਸੇ ਨਾਲ ਦੋਸਤੀ।

ਕਿਉਂ ਬੇਵਫ਼ਾਈ ਦਾ ਤਾਜ,
ਆਪਣੇ ਸਿਰ ਤੇ ਧਰ ਲਿਆ।


Academy of the Punjab in North America - APNA: http://www.apnaorg.com

## ਤੇਰੀਆਂ ਉਡੀਕਾਂ

ਮੇਰੇ ਇਸ ਦਿਲ ਨੂੰ ਤੇਰੀ ਹੀ ਚਾਹ ਏ,
ਤੇਰੀਆਂ ਉਡੀਕਾਂ ਦੇ ਵਿਚ ਵੀ ਮਜ਼ਾ ਏ।

ਹਰ ਪਲ ਤੇਰਾ ਹੀ ਨਾਮ ਧਿਆਵਾਂ,
ਤੇਰੇ ਹੀ ਕਦਮਾਂ ਵਿਚ ਮੇਰੀ ਜਗ੍ਹਾ ਏ।

ਮੁਰਸ਼ਦ ਜੋ ਬਣ ਕੇ ਤੂੰ ਬਾਂਹ ਮੇਰੀ ਫੜ ਲਈ,
ਮੇਰੇ ਹਰ ਦੁੱਖ ਦੀ ਤੂੰ ਹੀ ਦਵਾ ਏਂ।

ਮੈਂ ਕੋਝੀ, ਕਮਲੀ ਤੇ ਝੱਲੀ ਵੀ ਹਾਂ ਪਰ,
ਤੇਰੀ ਨਿਗ੍ਹਾ ਵਿਚ ਚਿੱਕੜ 'ਚ ਖਿੜਿਆ ਕਮਲ ਏ।

ਮੇਰੇ ਇਸ ਦਿਲ ਨੂੰ ਤੇਰੀ ਹੀ ਚਾਹ ਏ,
ਤੇਰੀਆਂ ਉਡੀਕਾਂ ਦੇ ਵਿਚ ਵੀ ਮਜ਼ਾ ਏ।


Academy of the Punjab in North America - APNA: http://www.apnaorg.com

## ਮੈਂ ਦੁਨੀਆਂ ਤੇ ਆਇਆ ਲੋਕੋ

ਮੈਂ ਦੁਨੀਆਂ ਤੇ ਆਇਆ ਲੋਕੋ।
ਆਇਆ ਦਰਦ ਵੰਡਾਉਣ ਲਈ।

ਦੁੱਖ-ਸੁੱਖ ਹਰ ਇਕ ਨਾਲ ਵੰਡਾਇਆ,
ਨਹੀਂ ਆਇਆ ਜੂਨ ਹੰਢਾਉਣ ਲਈ।

ਹਾਸੇ ਵੰਡੇ, ਖੁਸ਼ੀਆਂ ਵੰਡੀਆਂ,
ਨਹੀਂ ਆਇਆ ਲੋਕ ਰਵਾਉਣ ਲਈ।

ਹਰ ਇਕ ਨੂੰ ਮੈਂ ਯਾਰ ਬਣਾਇਆ,
ਹਰ ਇਕ ਨੂੰ ਮੈਂ ਗਲ ਨਾ' ਲਾਇਆ।

ਮਹਜ਼ਬ ਦਾ ਮੈਂ ਫ਼ਰਕ ਨਹੀਂ ਕੀਤਾ,
ਆਇਆ ਵਿਛੜਿਆ ਤਾਈਂ ਮਿਲਾਉਣ ਲਈ।

ਦੀਨ-ਦੁਖੀ ਦਾ ਦਰਦ ਵੰਡਾਇਆ,
ਡਿੱਗਿਆ ਨੂੰ ਉਠਾ ਗਲ ਨਾਲ ਲਾਇਆ।

ਫੁੱਲਾਂ ਵਾਂਗੂੰ ਮਹਿਕਾਂ ਵੰਡੀਆਂ,
ਮੈਂ ਆਇਆ ਜੱਗ ਰੁਸ਼ਨਾਉਣ ਲਈ।

ਮੈਂ ਦੁਨੀਆਂ ਤੇ ਆਇਆ ਲੋਕੋ,
ਆਇਆ ਦਰਦ ਵੰਡਾਉਣ ਲਈ।


Academy of the Punjab in North America - APNA: http://www.apnaorg.com

## ਗਵਾਚੇ ਸੀ ਘੜੀ ਤੇ ਪਲ

ਗਵਾਚੇ ਸੀ ਘੜੀ ਤੇ ਪਲ
ਜਦੋਂ ਅੰਬਰੀਂ ਉਡਾਰੀ ਲਵਾਈ ਸੀ ਉਸਨੇ।

ਫੁੱਲਾਂ ਦੇ ਬਗ਼ੀਚੇ ਵਿਚ,
ਰੰਗਲੀ ਸੇਜ ਵਿਛਾਈ ਸੀ ਉਸਨੇ।

ਚਿੱਟੇ ਕੱਪੜੇ ਪਾਈ ਬੈਠੇ,
ਅਸਾਂ ਕੁਝ ਗੱਲਾਂ ਸੀ ਕੀਤੀਆਂ।

ਹਨ੍ਹੇਰੀ ਰਾਤ ਵਿਚ ਇੰਝ,
ਚਾਨਣ ਦੀ ਛਹਿਬਰ ਲਾਈ ਸੀ ਉਸਨੇ।

ਦੋ ਅਜਨਬੀ ਰੂਹਾਂ ਦੇ ਮੇਲ ਦੀ ਖੁਸ਼ੀ ਵਿਚ,
ਫੁੱਲਾਂ ਦੀ ਵਰਖਾ ਕਰਵਾਈ ਸੀ ਉਸਨੇ।

ਨਜ਼ਾਰੇ ਤੱਕੇ ਉਹ ਜੋ ਕਦੇ ਖ਼ਾਬਾਂ ਵਿਚ ਵੀ ਨਹੀਂ ਸੋਚੇ,
ਅੱਖਾਂ ਬੰਦ ਜਦੋਂ ਬਾਗ਼ਾਂ ਦੀ ਸੈਰ ਕਰਾਈ ਸੀ ਉਸਨੇ।

ਆਪਣਾ ਆਪ ਤਾਂ ਮੇਰਾ ਕਦੋਂ ਦਾ ਮੁੱਕ ਗਿਆ ਸੀ,
ਆਪਣੀਆਂ ਅੱਖਾਂ ਨਾਲ ਜਦੋਂ ਇਹ ਦੁਨੀਆਂ ਦਿਖਾਈ ਸੀ ਉਸਨੇ।

ਨਜ਼ਾਰੇ ਹੀ ਨਜ਼ਾਰੇ ਤੇ ਹਵਾਵਾਂ ਵਿਚ ਸੁਗੰਧਾਂ ਸੀ,
ਮੇਰੇ ਦਿਲ ਦੀ ਦੁਨੀਆਂ 'ਚ ਮਹਿਕ ਖਿੰਡਾਈ ਸੀ ਉਸਨੇ।

ਗਵਾਚੇ ਸੀ ਘੜੀ ਤੇ ਪਲ,
ਜਦੋਂ ਅੰਬਰੀਂ ਉਡਾਰੀ ਲਵਾਈ ਸੀ ਉਸਨੇ।


Academy of the Punjab in North America - APNA: http://www.apnaorg.com

# ਅੱਜ ਦੇਖੋ ਮੇਰੇ ਦੇਸ਼ ਦੀਆਂ

ਅੱਜ ਦੇਖੋ ਮੇਰੇ ਦੇਸ਼ ਦੀਆਂ ਕਿੱਧਰ ਹਵਾਵਾਂ ਜਾ ਰਹੀਆਂ,
ਹਰ ਮੋੜ ਤੇ ਧੀਆਂ ਦਾ ਕਤਲ ਕਰਦੀਆਂ,
ਆਹ ਦੇਖ ਲੌ ਕਿੱਧਰ ਇਹ ਮਾਵਾਂ ਜਾ ਰਹੀਆਂ।

ਚਾਰੇ ਪਾਸੇ ਨਫ਼ਰਤਾਂ ਹੀ ਨਫ਼ਰਤਾਂ,
ਆਹ ਦੇਖੋ ਕਿੱਧਰ ਇਹ ਠੰਡੀਆਂ ਛਾਵਾਂ ਜਾ ਰਹੀਆਂ।

ਮੇਰਾ ਦੇਸ਼ ਸੀ ਇਕ ਗੁਲਦਸਤੇ ਦੇ ਵਾਂਗੂੰ ਮਹਿਕਦਾ,
ਆਹ ਦੇਖੋ ਕਿੱਧਰ ਇਸ ਦੀਆਂ ਫ਼ਿਜ਼ਾਵਾਂ ਜਾ ਰਹੀਆਂ।

ਖੌਰੇ ਕਿਸ ਦੀ ਨਜ਼ਰ ਲੱਗੀ ਮੇਰੇ ਪੰਜਾਬ ਨੂੰ,
ਨਸ਼ਿਆਂ ਵਿਚ ਗਲ਼ਤਾਨ ਨੌ-ਜਵਾਨਾਂ ਦੀਆਂ,
ਕਿੰਝ ਮੁਕਦੀਆਂ ਨੇ ਸਾਹਵਾਂ ਜਾ ਰਹੀਆਂ।

ਬੇਰੁਜ਼ਗਾਰੀ ਤੇ ਲਾਚਾਰੀ ਵਿਚ ਕਿਉਂ ਮਰੇ ਇਨਸਾਨ,
ਗਰੀਬ ਦੀਆਂ ਹਸਰਤਾਂ ਕਿੰਝ ਮੁਕਦੀਆਂ ਜਾ ਰਹੀਆਂ।

'ਢਿੱਲੋਂ' ਕਰ ਕੋਈ ਹੀਲਾ ਪਾ ਤੂੰ ਵੀ ਕੋਈ ਯੋਗਦਾਨ,
ਮੋੜ ਲਿਆ ਜੋ ਸਭ ਦੀਆਂ ਵੱਖੋ-ਵੱਖਰੀਆਂ ਰਾਹਵਾਂ ਜਾ ਰਹੀਆਂ,
ਅੱਜ ਦੇਖੋ ਮੇਰੇ ਦੇਸ਼ ਦੀਆਂ ਕਿੱਧਰ ਹਵਾਵਾਂ ਜਾ ਰਹੀਆਂ।


Academy of the Punjab in North America - APNA: http://www.apnaorg.com

# ਅਧੂਰੇ ਖਾਬ

ਸਾਡੇ ਖ਼ਾਬ ਵੀ ਅਧੂਰੇ ਸਾਡੀ ਪ੍ਰੀਤ ਵੀ ਪਰਾਈ।
ਸਾਨੂੰ ਤੇਰੇ ਨਾਲ ਲਾ ਕੇ ਸਦਾ ਮਿਲੀ ਰੁਸਵਾਈ।

ਸੱਚ ਝੂਠ ਤੇਰਾ ਅਸਾਂ ਪੱਥਰ ਤੇ ਲਕੀਰ ਬਣਾਈ,
ਸਾਥੋਂ ਗ਼ੈਰ ਤੈਨੂੰ ਚੰਗੇ ਸਾਡੀ ਵਫ਼ਾ ਨਾ ਤੈਨੂੰ ਰਾਸ ਆਈ।

ਸਾਡਾ ਭੋਲਾਪਨ ਹੀ ਸੀ ਸਾਡੀ ਕਮਜ਼ੋਰੀ,
ਸਾਨੂੰ ਕਰਨੀ ਨਾ ਆਈ ਤੇਰੇ ਵਾਂਗ ਚਤੁਰਾਈ।

ਤੇਰੇ ਵਾਅਦਿਆਂ ਨੇ ਜ਼ਿੰਦਗੀ ਦੇ ਕਿੰਨੇ ਸਾਲ ਗਾਲੇ,
ਤੇਰੇ ਲਾਰਿਆਂ ਨੇ ਜਿੰਦ ਸਾਡੀ ਸੂਲੀ ਲਟਕਾਈ।

ਤੈਨੂੰ ਮਹਿਰਮਾਂ ਵੇ ਦਿਲ ਦਿਆ ਰੱਬ ਮੰਨ ਬੈਠੇ,
ਸੁਬਹ ਸ਼ਾਮ ਜਾਈਏ ਤੇਰਾ ਨਾਮ ਬੁੱਲ੍ਹਾਂ ਤੇ ਧਿਆਈ।

ਝੋਰਾ ਇੱਕ ਬਲਵੀਰ ਦਿਆਂ ਹੱਡਾਂ ਨੂੰ ਵੱਢ ਵੱਢ ਖਾਵੇ,
ਕਦੇ ਤੈਨੂੰ ਵੀ ਰਾਸ ਆਵੇ ਅਸਾਂ ਪ੍ਰੀਤ ਜੋ ਨਿਭਾਈ।

ਸਾਡੇ ਖ਼ਾਬ ਵੀ ਅਧੂਰੇ ਸਾਡੀ ਪ੍ਰੀਤ ਵੀ ਪਰਾਈ।
ਸਾਨੂੰ ਤੇਰੇ ਨਾਲ ਲਾ ਕੇ ਸਦਾ ਮਿਲੀ ਰੁਸਵਾਈ।


Academy of the Punjab in North America - APNA: http://www.apnaorg.com

## ਰੱਤ ਨਿਚੋੜ ਗਏ

ਜੋ ਮੇਰੀ ਰੱਤ ਨਿਚੋੜ ਗਏ,
ਜੋ ਗਲ ਦੀ ਘੰਡੀ ਮਰੋੜ ਗਏ,
ਉਹ ਮੇਰੇ ਆਪਣੇ ਹੀ ਤਾਂ ਸੀ।

ਮੇਰੇ ਅਰਮਾਨਾਂ ਦੀ ਜਿਨ੍ਹਾਂ ਅਰਥੀ ਉਠਾਈ ਸੀ,
ਮੇਰੇ ਹੱਸਦੇ ਵੱਸਦੇ ਘਰ ਨੂੰ ਚਿੰਗਾਰੀ ਲਾਈ ਸੀ,
ਉਹ ਮੇਰੇ ਆਪਣੇ ਹੀ ਤਾਂ ਸੀ।

ਮੇਰੀ ਸ਼ਰਾਫ਼ਤ ਦਾ ਸਿਲ੍ਹਾ ਜਾਂ ਉਹਨਾਂ ਦੀ ਮਜਬੂਰੀ ਸੀ,
ਜਿਹਨਾਂ ਮੇਰੀ ਪਿੱਠ ਪਿੱਛੇ ਇਹ ਖੇਡ ਰਚਾਈ ਸੀ,
ਉਹ ਮੇਰੇ ਆਪਣੇ ਹੀ ਤਾਂ ਸੀ।

ਕਿਸੇ ਗ਼ੈਰ ਵਿੱਚ ਕੀ ਦਮ ਕਿ ਬਲਵੀਰ ਨੂੰ ਗਿਰਾ ਸਕੇ,
ਉਹ ਤਾਂ ਘਰ ਦੇ ਹੀ ਭੇਤੀ ਸੀ ਜਿਨ੍ਹਾਂ ਮੇਰੀ ਕੁੱਲ੍ਹੀ ਢਾਈ ਸੀ,
ਉਹ ਮੇਰੇ ਆਪਣੇ ਹੀ ਤਾਂ ਸੀ।

ਜਿਨ੍ਹਾਂ ਮੇਰੇ ਅਰਮਾਨਾਂ ਦੀ ਅਰਥੀ ਉਠਾਈ ਸੀ,
ਮੇਰੇ ਹੱਸਦੇ ਵਸਦੇ ਘਰ ਨੂੰ ਚਿੰਗਾਰੀ ਲਾਈ ਸੀ,
ਉਹ ਮੇਰੇ ਆਪਣੇ ਹੀ ਤਾਂ ਸੀ।


Academy of the Punjab in North America - APNA: http://www.apnaorg.com

## ਬਰਬਾਦੀ ਦਾ ਜਸ਼ਨ

ਆ ਬੈਠ ਮੇਰੇ ਨਾਲ,
ਆ ਮੇਰੀ ਬਰਬਾਦੀ ਦਾ ਜਸ਼ਨ ਮਨਾਈਏ।

ਆ ਮੇਰੇ ਅੱਖੀਆਂ ਦੇ ਮੈਖਾਨੇ 'ਚੋਂ,
ਆ ਹੰਝੂਆਂ ਦਾ ਇੱਕ-ਇੱਕ ਜਾਮ ਲਾਈਏ।

ਉਸ ਦੀ ਇਕ ਖ਼ਾਮੋਸ਼ੀ,
ਜ਼ਿੰਦਗੀ ਨੂੰ ਬੰਜਰ ਕਰ ਗਈ।

ਆ ਇਸ ਤੁਰਦੀ ਫਿਰਦੀ,
ਜ਼ਿੰਦਾ ਲਾਸ਼ ਨੂੰ ਦਫਨਾਈਏ।

ਉਸ ਦੀ ਇਕ ਹੀ ਕਰਵਟ,
ਜ਼ਿੰਦਗੀ 'ਚ ਹਨ੍ਹੇਰਾ ਕਰ ਗਈ।

ਆ ਬੈਠ ਉਸ ਦੀ ਯਾਦ ਦੇ,
ਦਿਲ ਵਿਚ ਚਿਰਾਗ਼ ਜਗਾਈਏ।

ਆ ਬੈਠ ਮੇਰੇ ਨਾਲ,
ਆ ਮੇਰੀ ਬਰਬਾਦੀ ਦਾ ਜਸ਼ਨ ਮਨਾਈਏ।


Academy of the Punjab in North America - APNA: http://www.apnaorg.com

# ਝੂਠੇ ਦਿਲਾਸੇ

ਰਹਿਣ ਵੀ ਦੇਹ ਹੁਣ ਤੂੰ ਦੇਹ ਨਾ ਦਿਲਾਸੇ,
ਸਾਡੇ ਤਾਂ ਪਹਿਲਾਂ ਹੀ ਖਾਲੀ ਹੋਏ ਨੇ ਕਾਸੇ।

ਫੱਕਰਾਂ ਦੀ ਝੋਲੀ ਵਿਚ ਦਰਦ ਹੀ ਸੌਗਾਤ ਏ,
ਕੀ ਦੇਈਏ ਤੈਨੂੰ ਇਕ ਦੁਆ ਹੀ ਸਾਡੇ ਪਾਸ ਏ।

ਧੰਨ ਦੌਲਤਾਂ ਨੇ ਸਾਡਾ ਸਾਥ ਨਹੀਉਂ ਦਿੱਤਾ,
ਰਿਸ਼ਤਿਆਂ ਵਾਲੇ ਵੀ ਖ਼ਾਲੀ ਕਰੀ ਬੈਠੇ ਕਾਸੇ।

ਨਿੱਤ ਮਰ ਮਰ ਜੀਊਣ ਲਈ ਤੂੰ ਛੱਡ ਦਿੱਤਾ ਸਾਨੂੰ,
ਥੱਕ ਗਏ ਆਂ ਕਰ ਤੇਰੇ ਦਰ ਅਰਦਾਸੇ।

ਸ਼ਾਇਦ ਰੱਬਾ ਤੈਨੂੰ ਇਹੀਉ ਮਨਜ਼ੂਰ ਏ,
ਨਾ ਰਹੇ ਇਸ ਪਾਸੇ, ਨਾ ਲੱਗੇ ਉਸ ਪਾਸੇ।

ਜਿਹੜੇ ਰੱਬਾ ਤੇਰੀ ਰਜ਼ਾ ਦੇ ਵਿਚ ਰਹਿੰਦੇ,
ਦੱਸੀ ਕਦੋਂ ਬਹੁੜੇਂਗਾ ਉਨ੍ਹਾਂ ਵਾਲੇ ਪਾਸੇ।

'ਢਿੱਲੋਂ' ਬਲਵੀਰ ਤੇਰੀ ਧੁਰੋਂ ਹੀ ਮੁਰੀਦ ਏ,
ਜਦੋਂ ਜਿੱਥੇ ਚਾਹੇਂ ਲਾ ਲਈਂ ਚਰਨਾਂ 'ਚ ਆਪੇ।


Academy of the Punjab in North America - APNA: http://www.apnaorg.com

## ਧੁਖਦੇ ਅੰਗਿਆਰ

ਨਾ ਪੁੱਛੋ ਹੁਣ ਹਾਲ ਇਸ ਦਿਲ ਦੇ ਬਿਮਾਰ ਦਾ,
ਕਿੰਝ ਕਰੇਗਾ ਜ਼ਿਕਰ ਸੀਨੇ 'ਚ ਧੁਖ਼ਦੇ ਅੰਗਿਆਰ ਦਾ।

ਇੱਕ ਦੁੱਖ ਹੁੰਦਾ ਤਾਂ ਸ਼ਾਇਦ ਦੱਸ ਦਿੰਦਾ,
ਕਿੰਝ ਕਰੇਗਾ ਖੁਲਾਸਾ ਇਹ ਦੁੱਖ ਬੇਸ਼ੁਮਾਰ ਦਾ।

ਕਿੰਝ ਦਿਖਾਵੇ ਇਹ ਫੱਟ ਸੀਨਾ ਪਾੜ ਕੇ,
ਕੌਣ ਕਰੇਗਾ ਇਲਾਜ ਝੱਲੇ ਜਿਹੇ ਬਿਮਾਰ ਦਾ।

ਦੁਨੀਆਂ ਤਾਂ ਨਿੱਤ ਜੱਗ ਹਸਾਈ ਕਰਦੀ,
ਕੌਣ ਭਰੂ ਹਰਜਾਨਾ ਉਜੜੇ ਸੰਸਾਰ ਦਾ।

ਰਹਿਣ ਵੀ ਦੇ ਛਿੜਕ ਨਾ ਲੂਣ ਜ਼ਖ਼ਮਾਂ 'ਤੇ,
ਮੈਂ ਸਹਿ ਲਵਾਂਗੀ ਦਰਦ ਸੀਨੇ 'ਚ ਦੱਬੇ ਭਾਰ ਦਾ।

ਨਾ ਪੁੱਛੋ ਹੁਣ ਹਾਲ ਇਸ ਦਿਲ ਦੇ ਬਿਮਾਰ ਦਾ,
ਕਿੰਝ ਕਰੇਗਾ ਜ਼ਿਕਰ ਸੀਨੇ 'ਚ ਧੁਖ਼ਦੇ ਅੰਗਿਆਰ ਦਾ।


Academy of the Punjab in North America - APNA: http://www.apnaorg.com

## ਤੇਰੀ ਦੀਦ ਬਾਝੋਂ

ਗ਼ਮ ਦੀਆਂ ਸੂਲਾਂ ਵਾਲੀ ਸੱਥਰ ਵਿਛਾਈ ਏ।
ਹਿਜਰਾਂ ਦੀ, ਸੀਨੇ ਵਿਚ ਅੱਗ ਐਸੀ ਲਾਈ ਏ।

ਤਿਲ ਤਿਲ ਹੋ ਕੇ ਕਿਉਂ ਮਰੀ ਜਾਵੇਂ ਝੱਲਿਆ,
ਦੱਸ ਕਾਹਤੋਂ ਐਵੇਂ ਧੂਣੀ ਇਹ ਧੁਖ਼ਾਈ ਏ।

ਪੀੜਾਂ ਵਾਲੀ ਦਾਤ ਉਹਦੀ ਸਾਂਭ ਸਾਂਭ ਰੱਖੀ ਏ,
ਤਾਹੀਓਂ ਤਾਂ ਪ੍ਰੀਤ ਉਸ ਡਾਹਢੇ ਨਾਲ ਪਾਈ ਏ।

ਜੀਵਾਂ ਮਰਾਂ ਉਹਦੀ ਹੀ ਰਜ਼ਾ ਦੇ ਵਿਚ ਰਹਿ ਕੇ,
ਉਹਤੋਂ ਬਿਨਾ ਦੱਸ ਭਲਾ ਕਾਹਦੀ ਇਹ ਖ਼ੁਦਾਈ ਏ।

ਘੜੀ ਘੜੀ ਪਰਖ਼ੇ, ਉਹ ਲਵੇ ਇਮਤਿਹਾਨ ਇੰਝ,
ਉਹਦੀ ਮੇਰੀ ਸਾਂਝ ਐਨੀ ਗੂੜ੍ਹੀ ਬਣ ਆਈ ਏ।

ਉਹਦੀ ਬਿਨਾ ਹੋਰ ਕੁਝ ਭਾਉਂਦਾ ਨਹੀਂ ਦਿਲ ਨੂੰ,
ਚੁੱਪ ਰਹਾਂ ਲੋਕੀਂ ਮੈਨੂੰ ਕਹਿਣ ਇਹ ਸ਼ੁਦਾਈ ਏ।

ਲੱਖਾਂ ਲੋਕ ਭਾਵੇਂ ਮੈਨੂੰ ਹੱਸ ਹੱਸ ਮਿਲਦੇ,
ਪਰ ਉਹਦੇ ਬਿਨਾ ਜ਼ਿੰਦਗੀ 'ਚ ਨਿਰੀ ਤਨਹਾਈ ਏ।

ਕਰੇ ਕਿਤੇ ਮਿਹਰ ਉਹੋ ਇਕਮਿੱਕ ਹੋ ਜਾਈਏ,
'ਢਿੱਲੋਂ' ਤੇਰੀ ਦੀਦ ਬਾਝੋਂ ਹੁਣ ਕੁਮਲਾਈ ਏ।

ਗ਼ਮਾਂ ਦੀਆਂ ਸੂਲਾਂ ਵਾਲੀ ਸੱਥਰ ਵਿਛਾਈ ਏ,
ਹਿਜਰਾਂ ਦੀ, ਸੀਨੇ ਵਿਚ ਅੱਗ ਐਸੀ ਲਾਈ ਏ।


Academy of the Punjab in North America - APNA: http://www.apnaorg.com

## ਰਹਿਮੋ ਕਰਮ

ਕਦੋਂ ਦੇ ਮਰ ਮੁੱਕ ਜਾਣਾ ਸੀ,
ਜੀਅ ਰਹੇ ਹਾਂ ਉਸਦੇ ਰਹਿਮੋ ਕਰਮ ਸਦਕਾ।

ਡੱਕੇ ਡੋਲੇ ਖਾਂਦੀ ਜ਼ਿੰਦਗੀ ਕਦੋਂ ਦੀ ਡੁੱਬ ਜਾਂਦੀ,
ਪਾਰ ਲੰਘੇ ਹਾਂ ਉਸਦੇ ਰਹਿਮੋ ਕਰਮ ਸਦਕਾ।

ਜ਼ਿੰਦਗੀ ਵਿਚ ਹਰ ਕਿਸੇ ਗਿਰਾਉਣ ਦੀ ਕੋਸ਼ਿਸ਼ ਕੀਤੀ,
ਹਿੱਕ ਤਾਣ ਕੇ ਖੜ੍ਹੇ ਹਾਂ ਉਸਦੇ ਰਹਿਮੋ ਕਰਮ ਸਦਕਾ।

ਸਿਰ ਝੁਕਾ ਝੁਕਾ ਬਹੁਤ ਜੀਅ ਲਿਆ ਏ,
ਸਿਰ ਉਠਾ ਕੇ ਤੁਰੇ ਹਾਂ ਉਸਦੇ ਰਹਿਮੋ ਕਰਮ ਸਦਕਾ।

ਆਪਣੇ ਚਰਨਾਂ 'ਚ ਜਗ੍ਹਾ ਦਿੱਤੀ ਤੈਨੂੰ ਉਸ ਰਹਿਬਰ,
ਜੋ ਵੀ ਹੋਇਆ ਏ ਉਸਦੇ ਰਹਿਮੋ ਕਰਮ ਸਦਕਾ।

ਕਦੋਂ ਦੇ ਮਰ ਮੁੱਕ ਜਾਣਾ ਸੀ,
ਜੀਅ ਰਹੇ ਹਾਂ ਉਸਦੇ ਰਹਿਮੋ ਕਰਮ ਸਦਕਾ।


Academy of the Punjab in North America - APNA: http://www.apnaorg.com

## ਕੋਝੀ ਕਮਲੀ

ਵੇ ਮੈਂ ਕੋਝੀ ਕਮਲੀ ਨੂੰ ਸਾਈਆਂ,
ਤੂੰ ਖ਼ੈਰ ਦਾ ਟੁਕੜਾ ਪਾ ਦਿੱਤਾ।

ਮੇਰੇ ਅਗਲੇ ਪਿਛਲੇ ਭੁੱਲ ਔਗੁਣ,
ਤੂੰ ਰਹਿਮ ਦਾ ਮੀਂਹ ਵਰਸਾ ਦਿੱਤਾ।

ਦੁਨੀਆਂ ਦੇ ਬੰਧਨਾਂ 'ਚੋਂ ਕੱਢ ਕੇ,
ਐਸਾ ਪਿਆਰ ਸਾਈਂ ਨਾਲ ਪਾ ਦਿੱਤਾ।

ਮੇਰੀ ਡੁੱਬਦੀ ਹੋਈ ਕਿਸ਼ਤੀ ਨੂੰ,
ਤੂੰ ਅੱਜ ਪਾਰ ਕਿਨਾਰੇ ਲਾ ਦਿੱਤਾ।

ਮੇਰੀ ਨ੍ਹੇਰਿਆਂ ਭਰੀ ਜ਼ਿੰਦਗੀ ਨੂੰ,
ਤੂੰ ਸਾਈਆਂ ਅੱਜ ਰੁਸ਼ਨਾ ਦਿੱਤਾ।

ਵੇ ਮੈਂ ਕੋਝੀ ਕਮਲੀ ਨੂੰ ਸਾਈਆਂ,
ਵੇ ਤੂੰ ਖ਼ੈਰ ਦਾ ਟੁਕੜਾ ਪਾ ਦਿੱਤਾ।


Academy of the Punjab in North America - APNA: http://www.apnaorg.com

## ਜਾਮ

ਤੇਰੇ ਨਾਲ ਬਹਿ ਕੇ ਐਸਾ,
ਜਾਮ ਬੁੱਲ੍ਹਾਂ ਨੂੰ ਲਾਇਆ ਸਾਕੀਆ।

ਵੇ ਮੈਂ ਦਿਲ ਦਾ ਹਰ ਗ਼ਮ,
ਹਰ ਦਰਦ ਭੁਲਾਇਆ ਸਾਕੀਆ।

ਮਦਹੋਸ਼ ਸੀ ਨਜ਼ਰਾਂ ਮੇਰੀਆਂ,
ਚਿਹਰਾ ਰੁਸ਼ਨਾਇਆ ਸਾਕੀਆ।

ਖ਼ਾਬ ਜੋ ਕਦੇ ਹਕੀਕਤ ਨਹੀਂ ਹੁੰਦੇ,
ਅੱਜ ਖਾਬਾਂ ਸੱਚ ਕਰ ਵਿਖਾਇਆ ਸਾਕੀਆ।

ਦੋ ਘੜੀਆਂ ਜੋ ਤੇਰੇ ਨਾਲ,
ਵਕਤ ਬਿਤਾਇਆ ਸਾਕੀਆ।

ਮੇਰੇ ਜਨਮ ਮਰਨ ਦੇ ਗੇੜ ਨੂੰ,
ਇਕ ਪਲ 'ਚ ਮੁਕਾਇਆ ਸਾਕੀਆ।

ਤੇਰੇ ਨਾਲ ਬਹਿ ਕੇ ਐਸਾ,
ਜਾਮ ਬੁੱਲ੍ਹਾਂ ਨੂੰ ਲਾਇਆ ਸਾਕੀਆ।


Academy of the Punjab in North America - APNA: http://www.apnaorg.com

# ਜ਼ਿੰਦਗੀ

ਬਿਨ ਹਾਸਿਆਂ ਦੇ ਜ਼ਿੰਦਗੀ
ਵੀਰਾਨ ਹੁੰਦੀ ਏ।

ਬਿਨ ਰਿਸ਼ਤਿਆਂ ਦੇ ਜ਼ਿੰਦਗੀ,
ਬੇਜਾਨ ਹੁੰਦੀ ਏ।

ਖੁਸ਼ੀਆਂ ਵੰਡਦੇ ਰਹੋ ਤਾਂ,
ਜ਼ਿੰਦਗੀ ਖੁਸ਼ਹਾਲ ਹੁੰਦੀ ਏ।

ਬਿਨ ਮਕਸਦ ਦੇ ਜ਼ਿੰਦਗੀ,
ਨਾਕਾਮ ਹੁੰਦੀ ਏ।

ਨਫ਼ਰਤਾਂ ਵੰਡਣ ਜੇ ਲੱਗੇ ਤਾਂ,
ਜ਼ਿੰਦਗੀ ਨਰਕ ਸਮਾਨ ਹੁੰਦੀ ਏ।

ਅਮਲ ਤੋਂ ਟੁੱਟ ਕੇ ਜ਼ਿੰਦਗੀ
ਨਿਰੀ ਸ਼ਮਸ਼ਾਨ ਹੁੰਦੀ ਏ।

ਬਿਨ ਹਾਸਿਆਂ ਦੇ ਜ਼ਿੰਦਗੀ,
ਵੀਰਾਨ ਹੁੰਦੀ ਏ।


Academy of the Punjab in North America - APNA: http://www.apnaorg.com

## ਦਿਲ ਤੋੜ ਕੇ ਗਏ ਨੇ

ਦਿਲ ਤੋੜ ਕੇ ਗਏ ਨੇ,
ਮੁੱਖ ਮੋੜ ਕੇ ਗਏ ਨੇ।

ਔਖੇ ਵੇਲੇ ਇੰਝ ਰਾਹਾਂ ਵਿਚ,
ਰੋਲ੍ਹ ਕੇ ਗਏ ਨੇ।

ਕੱਢਦੇ ਸੀ ਜਿਹਨੂੰ,
ਮੁਸੀਬਤਾਂ ਦੇ ਖ਼ੂਹ 'ਚੋਂ।

ਅੱਜ ਕਾਲ ਕੋਠੜੀ 'ਚ,
ਸਾਨੂੰ ਹੋੜ ਕੇ ਗਏ ਨੇ।

ਉਹਦੇ ਰੋਸੇ, ਉਹਦੇ ਗਿਲੇ,
ਉਹਦੇ ਲਾਏ ਇਲਜ਼ਾਮ।

ਸਾਨੂੰ ਜਿਉਂਦੇ ਜੀਅ ਹੀ,
ਅੱਜ ਇੰਝ ਮਾਰ ਕੇ ਗਏ ਨੇ।

ਮੁੱਖ ਮੋੜਿਆ ਕੀ ਉਹਨਾਂ,
ਮੁੱਖ ਮੋੜ ਗਿਆ ਜੱਗ।


Academy of the Punjab in North America - APNA: http://www.apnaorg.com

ਸਾਨੂੰ ਸਾਡੇ ਸਾਰੇ ਆਪਣੇ,
ਵਿਸਾਰ ਕੇ ਗਏ ਨੇ।

ਕੁਝ ਕੀਤਾ ਕੰਗਾਲ,
ਕੁਝ ਕੀਤਾ ਬਦਨਾਮ

ਕੁਝ ਰਾਹਾਂ ਵਿਚ,
ਇੱਜ਼ਤਾਂ ਉਛਾਲ ਕੇ ਗਏ ਨੇ।

ਜਦੋਂ ਦਿਸਣ ਲੱਗਿਆ,
ਦਾਗ਼ ਦਾਮਨ ਤੇ ਆਪਣੇ।

ਕਿੰਝ ਸਾਡੇ ਉਤੇ,
ਚਿੱਕੜ ਉਛਾਲ ਕੇ ਗਏ ਨੇ।

ਸਾਡੇ ਅਹਿਸਾਨਾਂ ਦਾ ਮੁੱਲ,
ਬਹੁਤ ਦੂਰ ਦੀ ਏ ਗੱਲ।

ਸਾਡੇ ਜਜ਼ਬਾਤਾਂ ਤੇ ਵੀ,
ਡਾਕਾ ਮਾਰ ਕੇ ਗਏ ਨੇ।

ਭਾਵੇਂ ਜਨਮ ਦੇਣ ਵਾਲੇ,
ਮਾਪੇ ਵੀ ਵਿਸਾਰ ਕੇ ਗਏ ਨੇ।

ਦਿਲ ਤੋੜ ਕੇ ਗਏ ਨੇ,
ਮੁੱਖ ਮੋੜ ਕੇ ਗਏ ਨੇ।

ਔਖੇ ਵੇਲੇ ਇੰਝ ਰਾਹਾਂ ਵਿਚ,
ਰੋਲ ਕੇ ਗਏ ਨੇ।


Academy of the Punjab in North America - APNA: http://www.apnaorg.com

# ਮੈਂ ਉਹ ਬੂਟਾ

ਮੈਂ ਉਹ ਬੂਟਾ ਸੁੱਕਾ ਹੋਇਆ,
ਬਿਨ ਪਾਣੀ ਮੁਰਝਾਇਆ।

ਮੇਰੀ ਮਾਲੀ ਬਾਤ ਨਾ ਪੁੱਛੀ,
ਨਾ ਹੀ ਪਾਣੀ ਲਾਇਆ।

ਮੇਰੇ ਸਾਥੀ ਹਰੇ ਭਰੇ ਨੇ,
ਤੇ ਮੈਨੂੰ ਸੋਕਾ ਆਇਆ।

ਵਿਚ ਬਹਾਰਾਂ ਦੇ ਮੈਂ ਧੁਖਿਆ,
ਮੈਂ ਫਿਰਦਾ ਕੁਮਲਾਇਆ।

ਮੈਂ ਉਹ ਬੂਟਾ ਸੁੱਕਾ ਹੋਇਆ,
ਬਿਨ ਪਾਣੀ ਮੁਝਾਇਆ।


Academy of the Punjab in North America - APNA: http://www.apnaorg.com

## ਮੇਰੀ ਹੀ ਅੱਖ ਰੋਈ

ਜਦ ਵੀ ਰੋਈ ਕਿਉਂ ਮੇਰੀ ਹੀ ਅੱਖ ਰੋਈ,
ਕਿੰਝ ਦਿਖਾਵਾਂ ਮੇਰੇ ਦਿਲ ਦੀ,
ਹਰ ਇਕ ਸੱਧਰ ਲੀਰਾਂ ਹੋਈ,
ਜਦ ਵੀ ਰੋਈ ਕਿਉਂ ਮੇਰੀ ਹੀ ਅੱਖ ਰੋਈ।

ਫੁੱਲਾਂ ਭਰੇ ਬਗੀਚੇ ਵਿਚੋਂ,
ਮੈਨੂੰ ਕੰਡਿਆਂ ਦੀ ਢੋਈ,
ਸਹੁਰੇ ਛੱਡੇ ਪੇਕੇ ਛੱਡੇ,
ਵੇ ਮੈਂ ਤੇਰੇ ਨਾਲ ਖਲੋਈ,
ਜਦ ਵੀ ਰੋਈ ਕਿਉਂ ਮੇਰੀ ਹੀ ਅੱਖ ਰੋਈ।


Academy of the Punjab in North America - APNA: http://www.apnaorg.com

# ਤੇਰੇ ਪਿੱਛੇ ਲੱਗ ਕੇ

ਤੇਰੇ ਪਿੱਛੇ ਲੱਗ ਕੇ,
ਬਾਣਾ ਫੱਕਰਾਂ ਦਾ ਪਾਈ ਬੈਠੇ ਹਾਂ।

ਤੇਰੀ ਆਸ ਵਿਚ ਜਿੰਦ ਮਲੂਕ ਜਿਹੀ,
ਦਾਅ ਤੇ ਲਾਈ ਬੈਠੇ ਹਾਂ।

ਤੇਰੇ ਸੰਗ ਪਾ ਕੇ,
ਸਿਰ ਨੰਗੀਆਂ ਤਲਵਾਰਾਂ ਤੇ ਲਟਕਾਈ ਬੈਠੇ ਹਾਂ।

ਤੇਰਾ ਸਾਡਾ ਫ਼ਰਕ ਜਮੀਂ ਆਸਮਾਂ ਦਾ,
ਫਿਰ ਵੀ ਸਿਰ ਤੇਰੇ ਕਦਮਾਂ ਤੇ ਟਿਕਾਈ ਬੈਠੇ ਹਾਂ।

ਤੇਰੇ ਪਿੱਛੇ ਲੱਗ ਕੇ,
ਬਾਣਾ ਫੱਕਰਾਂ ਦਾ ਪਾਈ ਬੈਠੇ ਹਾਂ।


Academy of the Punjab in North America - APNA: http://www.apnaorg.com

## ਸ਼ੁਕਰਾਨਾ

ਚੁੱਕ ਕੇ ਕਲਮ ਅੱਜ ਲਿਖਾਂ ਨਵੀਂ ਬਾਤ ਕੋਈ।
ਛੇੜ ਦਿਆਂ ਫੇਰ ਅੱਜ ਨਵੀਂ ਜਿਹੀ ਤਾਰ ਕੋਈ।

ਦੁੱਖ ਸੁੱਖ ਫਿਰ ਅੱਜ ਸਾਂਝਾ ਕਰਾਂ ਜੱਗ ਦਾ,
ਦੱਸੀਂ ਕਿੰਝ ਕਰਾਂ ਸ਼ੁਕਰਾਨਾ ਉਸ ਰੱਬ ਦਾ।

ਰੋਟੀ ਕੱਪੜਾ ਚੰਗਾ ਹਰ ਸੁੱਖ ਦਿੱਤਾ ਹੰਢਾਉਣ ਲਈ,
ਫਿਰ ਕਾਹਤੋਂ ਐਵੇਂ ਤੂੰ ਸ਼ਿਕਾਇਤਾਂ ਰਹਿੰਦਾ ਲੱਭਦਾ।

ਦੇਖ ਉਹਨਾਂ ਲੋਕਾਂ ਵੱਲ ਦੁੱਖਾਂ ਵਿਚ ਪੀੜੇ ਹੋਏ,
ਭੁੱਖੇ ਤ੍ਰਿਹਾਏ ਸਰੀਰ ਹੋਇਆ ਜਿਵੇਂ ਸੱਕ ਦਾ।

ਮੇਰੀ ਮੇਰੀ ਹਰ ਵੇਲੇ ਰਹਿੰਦਾ ਕਰਦਾ,
ਤੂੰ ਵੀ ਕਦੇ 'ਢਿੱਲੋਂ' ਮੰਗ ਭਲਾ ਉਸ ਸਰਬੱਤ ਦਾ।


Academy of the Punjab in North America - APNA: http://www.apnaorg.com

## ਦਿਲ ਦੀ ਹਸਰਤ

ਉਦਾਸ ਹਾਂ ਦਿਲ ਦੀ ਹਸਰਤ,
ਪੂਰੀ ਨਹੀਂ ਹੁੰਦੀ।

ਹੱਡ ਤੋੜ ਕੇ ਕੀਤੀ ਮਿਹਨਤ ਵੀ,
ਅਧੂਰੀ ਹੀ ਹੁੰਦੀ।

ਕਿਉਂ ਨਹੀਂ ਮੰਜ਼ਿਲ ਤੇ,
ਪਹੁੰਚਣਾ ਆਉਂਦਾ ਮੈਨੂੰ।

ਕਿਉਂ ਮੇਰੀ ਹਰ ਖ਼ੁਸ਼ੀ ਵਿਚ,
ਰੱਬ ਦੀ ਮਨਜ਼ੂਰੀ ਨਹੀਂ ਹੁੰਦੀ।

ਉਦਾਸ ਹਾਂ ਦਿਲ ਦੀ ਹਸਰਤ,
ਪੂਰੀ ਨਹੀਂ ਹੁੰਦੀ।


Academy of the Punjab in North America - APNA: http://www.apnaorg.com

## ਬਲਬ

ਇਸ ਬਲਬ ਵੱਲ ਦੇਖੋ,
ਦਿਨ ਰਾਤ ਤਪਦਾ ਹੈ ਦਿਨ ਰਾਤ ਸੜਦਾ ਹੈ।

ਇਹ ਇਸ ਬਲਬ ਦਾ ਜਿਗਰਾ,
ਇਸ ਕੋਲ ਜ਼ੁਬਾਨ ਹੈ ਨਹੀਂ।

ਨਾ ਇਹ ਰੋਂਦਾ ਏ,
ਨਾ ਇਹ ਸ਼ਿਕਾਇਤ ਕਰਦਾ ਹੈ।

ਇਹ ਆਪਾ ਸਾੜ ਸਾੜ ਕੇ,
ਜੱਗ ਨੂੰ ਰੋਸ਼ਨ ਕਰਦਾ ਹੈ।


Academy of the Punjab in North America - APNA: http://www.apnaorg.com

## ਬਦਲਦੇ ਮੌਸਮ

ਘਟਾਵਾਂ ਨੂੰ ਕਹੋ ਨਾ ਬਰਸਣ ਅਜੇ,
ਪਹਿਲਾਂ ਹੀ ਬਰਫ਼ਾਂ ਦੇ ਲੱਗੇ ਢੇਰ ਨੇ।

ਇਹ ਤਿਲਕਣਬਾਜ਼ੀ ਵੀ ਮੁੱਕਦੀ ਨਹੀਂ,
ਇਹ ਚਿੱਕੜ ਵਿਚ ਕਿੰਝ ਖੁੱਭਦੇ ਪੈਰ ਨੇ।

ਹਰ ਪਾਸੇ ਬਰਫ਼ ਹੀ ਬਰਫ਼ ਹੈ,
ਤੁਰਨ ਲਈ ਵੀ ਨਾ ਟਿਕਦੇ ਕਿਤੇ ਪੈਰ ਨੇ।

ਇਹ ਅੱਜਕੱਲ੍ਹ ਦੇ ਮੌਸਮ ਦਾ ਕੀ ਭਰੋਸਾ,
ਘੜੀ ਵਿਚ ਧੁੱਪ ਘੜੀ ਵਿਚ ਛਾਂ ਘੜੀ ਵਿਚ ਗਹਿਰ ਨੇ।

ਘਟਾਵਾਂ ਨੂੰ ਕਹੋ ਨਾ ਬਰਸਣ ਅਜੇ,
ਪਹਿਲਾਂ ਹੀ ਬਰਫਾਂ ਦੇ ਲੱਗੇ ਢੇਰ ਨੇ।


Academy of the Punjab in North America - APNA: http://www.apnaorg.com

# ਕਦੇ ਤਾਂ ਸਾਡੇ ਵਿਹੜੇ ਆਵੀਂ

ਕਦੇ ਤਾਂ ਸਾਡੇ ਵਿਹੜੇ ਆਵੀਂ,
ਕਦੇ ਤਾਂ ਸਾਡਾ ਦਰ ਖੜਕਾਵੀਂ।

ਸੁੰਞੇ ਦਿਨ ਤੇ ਸੁੰਞੀਆਂ ਰਾਤਾਂ,
ਕਦੇ ਤਾਂ ਆ ਕੇ ਤੂੰ ਰੁਸ਼ਨਾਵੀਂ।

ਭਾਂ-ਭਾਂ ਕਰਦਾ ਦਿਲ ਦਾ ਵਿਹੜਾ,
ਆ ਕੇ ਖੁਸ਼ੀਆਂ ਦੇ ਫੁੱਲ ਲਾਵੀਂ।

ਸੁਣਨੇ ਨੂੰ ਕੰਨ ਤਰਸੇ ਮੇਰੇ,
ਪਿਆਰ ਦੇ ਦੋ ਆ ਬੋਲ ਸੁਣਾਵੀਂ।

ਤਰਸੇ ਹਾਂ ਗਲਵੱਕੜੀ ਬਾਝੋਂ,
ਕਦੇ ਤਾਂ ਆ ਗਲ ਨਾਲ ਲਗਾਵੀਂ।

ਕਦੇ ਤਾਂ ਸਾਡੇ ਵਿਹੜੇ ਆਵੀਂ,
ਕਦੇ ਤਾਂ ਸਾਡਾ ਦਰ ਖੜਕਾਵੀਂ।


Academy of the Punjab in North America - APNA: http://www.apnaorg.com

## ਨਫ਼ਰਤ ਦੀ ਅੱਗ

ਇਹ ਅੱਗ ਤੂੰ ਹੀ ਲਾਈ ਸੀ,
ਜਿਹਦੇ ਅੱਜ ਤੱਕ ਭਾਂਬੜ ਮੱਚਦੇ ਆ।

ਜਿਸਦਾ ਘਰ ਤੂੰ ਪੱਟਿਆ ਸੀ,
ਉਹ ਲੋਕ ਅਜੇ ਵੀ ਵੱਸਦੇ ਆ।

ਤਾਬ ਨਾ ਆਈ ਜਿੰਦੂ ਨੂੰ,
ਉਹ ਜ਼ਖ਼ਮ ਅਜੇ ਵੀ ਰਿਸਦੇ ਆ।

ਉਏ ਬਦਕਿਸਮਤ ਇਨਸਾਨ ਹੋਸ਼ ਕਰ,
ਤੇਰੇ ਜਹੇ ਭਾਈ ਭੈਣਾਂ ਦੇ ਘਰ ਪੱਟਦੇ ਆ।

ਇਹ ਅੱਗ ਤੂੰ ਹੀ ਲਾਈ ਸੀ,
ਜਿਹਦੇ ਅੱਜ ਤੱਕ ਭਾਂਬੜ ਮੱਚਦੇ ਆ।


Academy of the Punjab in North America - APNA: http://www.apnaorg.com

# ਮੇਰੇ

ਅਜਬ ਜਿਹੀ ਏ ਦੁਨੀਆਂ,
ਅਜਬ ਜਿਹੇ ਨੇ ਹਾਸੇ।

ਮੇਰੇ ਆਪਣੇ ਲੱਗਦੇ ਮੈਨੂੰ,
ਮੇਰੇ ਖ਼ੂਨ ਦੇ ਪਿਆਸੇ।

ਲਹੂਆਂ ਦਾ ਜੋ ਬਣ ਗਿਆ ਪਾਣੀ,
ਜ਼ਹਿਰ ਹੋ ਗਿਆ ਜਾਪੇ।

ਮੇਰੇ ਆਪਣੇ ਲੱਗਦੇ ਮੈਨੂੰ,
ਮੇਰੇ ਖ਼ੂਨ ਦੇ ਪਿਆਸੇ।

ਐਸਾ ਡੰਗ ਮਾਰਿਆ ਲੋਕੋ,
ਰਿਸ਼ਤਿਆਂ ਵਾਲੇ ਖਾਲੀ ਹੋ ਗਏ ਕਾਸੇ।

ਮੇਰੇ ਆਪਣੇ ਲੱਗਦੇ ਮੈਨੂੰ,
ਮੇਰੇ ਖ਼ੂਨ ਦੇ ਪਿਆਸੇ।


Academy of the Punjab in North America - APNA: http://www.apnaorg.com

# ਅੱਖੀਆਂ ਦੇ ਬੂਹੇ

ਮੈਂ ਅੱਖੀਆਂ ਦੇ ਬੂਹੇ ਢੋਅ ਕੇ,
ਬਹਿੰਦੀ ਆਂ ਜਦ 'ਕੱਲੀ ਹੋ ਕੇ।

ਇਕ ਤਰੰਗ ਜਿਹੀ ਉੱਠਦੀ ਏ ਜਿਵੇਂ,
ਲੰਘਦਾ ਹੈਂ ਤੂੰ ਮੈਨੂੰ ਛੋਹ ਕੇ।

ਅੱਖੀਆਂ ਮੇਰੀਆਂ ਦੇ ਵਿਚ ਰੜਕਣ,
ਯਾਦਾਂ ਤੇਰੀਆਂ ਜਿਵੇਂ ਸਮੋ ਕੇ।

ਮੈਂ ਅੱਖੀਆਂ ਦੇ ਬੂਹੇ ਢੋਅ ਕੇ,
ਬਹਿੰਦੀ ਆਂ ਜਦ 'ਕੱਲੀ ਹੋ ਕੇ।


Academy of the Punjab in North America - APNA: http://www.apnaorg.com

# ਮੈਂ ਕਿਹਨੂੰ ਕਿਹਨੂੰ ਦੱਸਾਂ

ਮੈਂ ਕਿਹਨੂੰ ਕਿਹਨੂੰ ਦੱਸਾਂ,
ਇਹ ਰਾਜ਼ ਦੀਆਂ ਗੱਲਾਂ।

ਮੇਰੇ ਸੀਨੇ ਵਿਚ ਉਠਦੀਆਂ,
ਇਹ ਪੀੜ ਦੀਆਂ ਛੱਲਾਂ।

ਤਨ ਮਨ ਸੜ ਕੇ ਸਵਾਹ ਹੋਈ ਜਾਂਦਾ ਏ,
ਦਿਲ ਮੇਰਾ ਵਿਚੋ ਵਿਚ ਐਵੇ ਰੋਈ ਜਾਂਦਾ ਏ।

ਮੈਥੋਂ ਝੱਲਿਆ ਨਾ ਜਾਂਦਾ,
ਇਹ ਦੁਖੜਾ ਅਵੱਲਾ।

ਮੈਂ ਕਿਹਨੂੰ ਕਿਹਨੂੰ ਦੱਸਾਂ,
ਇਹ ਰਾਜ਼ ਦੀਆਂ ਗੱਲਾਂ।


Academy of the Punjab in North America - APNA: http://www.apnaorg.com

# ਖ਼ੈਰ ਕਿੰਝ ਮਿਲੇਗੀ

ਖ਼ੈਰ ਕਿੰਝ ਮਿਲੇਗੀ,
ਜੇ ਪੱਲੂ ਫੈਲਾਉਣਾ ਨਹੀਂ ਆਉਂਦਾ।

ਅਸੀਸ ਕਿੰਝ ਮਿਲੇਗੀ,
ਜੇ ਸੀਸ ਝੁਕਾਉਣਾ ਨਹੀਂ ਆਉਂਦਾ।

ਯਾਰ ਕਿੰਝ ਮਿਲੇਗਾ,
ਜੇ ਹੱਸ ਕੇ ਬੁਲਾਉਣਾ ਨਹੀਂ ਆਉਂਦਾ।

ਪਿਆਰ ਕਿੰਝ ਮਿਲੇਗਾ,
ਜੇ ਗਲ ਨਾਲ ਲਾਉਣਾ ਨਹੀਂ ਆਉਂਦਾ।


Academy of the Punjab in North America - APNA: http://www.apnaorg.com

## ਭਟਕਿਆ ਇਨਸਾਨ

ਮੈਂ ਤੇਰੇ ਕਦਮਾਂ ਨਲਾ ਕਦਮ ਮਿਲਾ ਨਹੀਂ ਸਕਦਾ।
ਪਰ ਤੈਨੂੰ ਦਿਲੋਂ ਵੀ ਕਦੇ ਭੁਲਾ ਨਹੀਂ ਸਕਦਾ।

ਰਿਸ਼ਤਿਆਂ ਵਿਚਕਾਰ ਜੋ ਦੀਵਾਰ ਹੈ
ਕੀ ਕਰਾਂ ਉਹ ਦੀਵਾਰ ਵੀ ਕਦੇ ਗਿਰਾ ਨਹੀਂ ਸਕਦਾ।

ਭਟਕ ਗਿਆ ਸੀ ਪਹਿਲਾਂ ਹੀ ਮੰਜ਼ਿਲ ਤੋਂ ਮੈਂ,
ਕੀ ਕਰਾਂ ਕਦਮ ਹੋਰ ਥਿੜ੍ਹਕਾ ਨਹੀਂ ਸਕਦਾ।

ਜਿਸਮਾਂ ਦੀ ਗੱਲ ਕਰਦਾ ਹਾਂ ਦਿਨ ਰਾਤ ਮੈਂ,
ਕੀ ਕਰਾਂ ਪਿਆਰ ਇਹਦੇ ਨਾਲ ਪਾ ਨਹੀਂ ਸਕਦਾ।

ਹਵਸ ਮੇਰੀ ਸ਼ਾਇਦ ਮੈਨੂੰ ਜੀਣ ਨਹੀਂ ਦਿੰਦੀ,
ਕੀ ਕਰਾਂ ਮਿਆਨ ਵਿਚ ਦੋ ਤਲਵਾਰਾਂ ਪਾ ਨਹੀਂ ਸਕਦਾ।

ਕੀ ਕਰਾਂ ਜਜ਼ਬਾਤਾਂ ਦੀ ਨਹੀਂ ਕਦਰ ਕੋਈ ਮੈਨੂੰ,
ਕੀ ਕਰਾਂ ਇਨਸਾਨੀਅਤ ਅਪਣਾ ਨਹੀਂ ਸਕਦਾ।

ਸੋਚਦਾ ਹਾਂ ਜਦ ਵੀ ਕਦੇ ਗਲਤ ਹੀ ਸੋਚਾਂ,
ਕੀ ਕਰਾਂ ਸੱਚਾਈ ਮੈਂ ਅਪਣਾ ਨਹੀਂ ਸਕਦਾ।

ਲਿਖ ਦਵੀਂ ਬਲਵੀਰ ਦਿਲ ਮੇਰੇ ਦੇ ਹਾਲ ਨੂੰ,
ਕੀ ਕਰਾਂ ਮੈਂ ਆਪਣੇ ਮੂੰਹੋਂ ਸੱਚ ਸੁਣਾ ਨਹੀਂ ਸਕਦਾ।

ਮੈਂ ਤੇਰੇ ਕਦਮਾਂ ਨਾਲ ਕਦਮ ਮਿਲਾ ਨਹੀਂ ਸਕਦਾ,
ਪਰ ਤੈਨੂੰ ਦਿਲੋਂ ਵੀ ਕਦੇ ਭੁਲਾ ਨਹੀਂ ਸਕਦਾ।


Academy of the Punjab in North America - APNA: http://www.apnaorg.com

# ਤੈਨੂੰ ਸੱਥਾਂ ਵਿਚ ਬਹਿ ਕੇ

ਤੈਨੂੰ ਸੱਥਾਂ ਵਿਚ ਬਹਿ ਕੇ ਬਦਨਾਮ ਨਹੀਂ ਕਰਨਾ,
ਸਾਡੇ ਦਿਲ ਵਿਚ ਤੇਰੇ ਲਈ ਪਿਆਰ ਕਿੰਨਾ ਗੂੜ੍ਹਾ,
ਅਸਾਂ ਤੇਰੇ ਵਾਂਗ ਐਵੇਂ ਸ਼ਰੇਆਮ ਨਹੀਂ ਕਰਨਾ।

ਅਸਾਂ ਲਾਈ ਤੇਰੇ ਨਾਲ ਸਿਰ ਦੇ ਕੇ ਵੀ ਨਿਭਾਵਾਂਗੇ,
ਪਰ ਤੇਰੇ ਵਾਂਗ ਇਸ਼ਕ ਨੀਲਾਮ ਨਹੀਂ ਕਰਨਾ।

ਸਾਨੂੰ ਘੁਟ ਘੁਟ ਤੇਰੇ ਬਿਨਾ ਜੀਊਣਾ ਮਨਜ਼ੂਰ,
ਪਰ ਰਿਸ਼ਤਾ ਇਹ ਪਾਕ ਬਦਨਾਮ ਨਹੀਂ ਕਰਨਾ।

ਤੇਰੇ ਬਾਰੇ ਜੇ ਕੋਈ ਆਖੇ ਤੂੰ ਏਂ ਬੜਾ ਮਗ਼ਰੂਰ,
ਅਸਾਂ ਫਿਰ ਵੀ ਤੇਰੇ ਸਿਰ ਕੋਈ ਇਲਜ਼ਾਮ ਨਹੀਂ ਕਰਨਾ।

ਤੇਰਾ ਨਾਮ ਮੇਰੀ ਜ਼ਿੰਦਗੀ 'ਚ ਪੱਥਰ ਤੇ ਲਕੀਰ ਏ,
ਹੁਣ ਜ਼ਿੰਦਗੀ ਦਾ 'ਢਿੱਲੋਂ' ਆਖ਼ਰੀ ਅੰਜਾਮ ਪੂਰਾ ਕਰਨਾ।


Academy of the Punjab in North America - APNA: http://www.apnaorg.com

## ਦਿਲ ਦੀਆਂ ਪਰਤਾਂ

ਚਿਹਰੇ ਦੇਖ ਕੇ ਯਾਰ ਬਣਾਉਂਦੇ,
ਕੋਈ ਦਿਲ ਦੀਆਂ ਪਰਤਾਂ ਪੜ੍ਹਦਾ ਈ ਨਹੀਂ।

ਸੋਹਣੀ ਸੂਰਤ ਹਰ ਕੋਈ ਭਾਲੇ,
ਕੋਈ ਰੂਹਾਂ ਦੇ ਮੇਲੇ ਕਰਦਾ ਈ ਨਹੀਂ।

ਅੱਜ ਇਸ ਰਾਹੇ, ਕੱਲ੍ਹ ਉਸ ਰਾਹੇ,
ਕੋਈ ਦਿਲ ਦੇ ਮੰਦਿਰ ਵੜਦਾ ਈ ਨਹੀਂ।

ਸਭ ਫੋਕੀ ਦੁਨੀਆਂਦਾਰੀ ਏ,
ਕੋਈ ਸੱਚੇ ਯਾਰ ਦੀ ਪੂਜਾ ਕਰਦਾ ਈ ਨਹੀਂ।

ਜਿਸ ਮਹਿਰਮ ਦੇ ਲੜ ਲੱਗ ਪਾਰ ਜਾਣਾ,
ਕੋਈ ਉਸ ਦਿਲਬਰ ਦਾ ਲੜ ਫੜਦਾ ਈ ਨਹੀਂ।

ਚਿਹਰੇ ਦੇਖ ਕੇ ਯਾਰ ਬਣਾਉਂਦੇ,
ਕੋਈ ਦਿਲ ਦੀਆਂ ਪਰਤਾਂ ਪੜ੍ਹਦਾ ਈ ਨਹੀਂ।


Academy of the Punjab in North America - APNA: http://www.apnaorg.com

# ਤੇਰੀ ਅੱਖ ਕਾਤਿਲ

ਕਈਆਂ ਆਖਿਆ ਤੇਰੀ ਅੱਖ ਕਾਤਿਲ,
ਐਸਾ ਕਰ ਗਈ ਏ ਸੀਨੇ ਵਾਰ ਸਾਡੇ।

ਇਕ ਤੂੰ ਸੁਹਣੀ ਇਕ ਅੱਖ ਕਾਤਿਲ,
ਸੀਨੇ ਫੇਰ ਗਈ ਤਿੱਖੀ ਕਟਾਰ ਸਾਡੇ।

ਲੱਖ ਸੰਭਲਦੇ ਸੰਭਲਦੇ ਫੇਰ ਭਟਕੇ,
ਐਸਾ ਕਰ ਗਈ ਏ ਸੀਨੇ ਵਾਰ ਸਾਡੇ।

ਮਰ ਮਿਟਣ ਲਈ ਕਰ ਮਜਬੂਰ ਦੇਵੇ,
ਤੇਰੀ ਤੱਕਣੀ ਨਾ ਛੱਡਿਆ ਪੱਲੇ ਕੱਖ ਸਾਡੇ।

ਲੱਖ ਛੁਪਾਈ ਜਾ ਦਿਲਾਂ ਦੇ ਭੇਦ 'ਢਿੱਲੋਂ',
ਤੇਰੀ ਅੱਖ ਖੋਹਲੇ ਦਿਲਾਂ ਦੇ ਭੇਦ ਤੁਹਾਡੇ।


Academy of the Punjab in North America - APNA: http://www.apnaorg.com

# ਮੇਰੇ ਦਿਲ ਦਾ ਮਹਿਰਮ

ਰੱਬਾ ਮੇਰੇ ਦਿਲ ਦਾ ਮਹਿਰਮ ਤੂੰ,
ਜਿਸ ਵੱਲ ਵੇਖਾਂ ਜਿਸ ਵੱਲ ਤੱਕਾਂ,
ਦਿਸਦਾ ਏਂ ਤੂੰ ਹੀ ਤੂੰ।

ਲੋਕੀਂ ਢੂੰਡਣ ਮੰਦਿਰ ਮਸੀਤੀਂ,
ਤੂੰ ਵੱਸਦਾ ਏਂ ਲੂੰ ਲੂੰ,
ਰੱਬਾ ਮੇਰੇ ਦਿਲ ਦਾ ਮਹਿਰਮ ਤੂੰ।

ਕਣ ਕਣ ਦੇ ਵਿਚ ਵੱਸਦਾ ਏਂ ਤੂੰ,
ਹਾਸਿਆਂ ਦੇ ਵਿਚ ਹੱਸਦਾ ਏਂ ਤੂੰ,
ਰੋਂਦਿਆਂ ਨੂੰ ਚੁੱਪ ਕਰਾਉਂਦਾ ਏਂ ਤੂੰ।

ਡਿੱਗਿਆਂ ਨੂੰ ਗਲ ਨਾਲ ਲਾਉਂਦਾ ਏਂ ਤੂੰ,
ਦੁੱਖ ਸੁੱਖ ਦੇ ਵਿਚ ਨਾਲ ਤੂੰ ਮੇਰੇ,
ਹਰ ਮੁਸ਼ਕਿਲ ਵਿਚੋਂ ਕੱਢਦਾ ਏਂ ਤੂੰ।

ਤੇਰੇ ਬਿਨ ਇਕ ਸਾਹ ਨਹੀਂ ਆਉਂਦਾ,
ਮੇਰੇ ਸਾਹਾਂ ਦੇ ਵਿਚ ਵਸਦਾ ਏਂ ਤੂੰ,
ਰੱਬਾ ਮੇਰੇ ਦਿਲ ਦਾ ਮਹਿਰਮ ਤੂੰ।


Academy of the Punjab in North America - APNA: http://www.apnaorg.com

ਇਹ ਰਚਨਾ ਮੈਂ ਸਤਿੰਦਰ ਸਰਤਾਜ ਦਾ ਸ਼ੋਅ ਦੇਖ ਕੇ ਤੇ 'ਸਾਈਂ' ਗੀਤ ਸੁਣ ਕੇ ਲਿਖੀ ਸੀ:

## ਇਕ ਮਹਿਫ਼ਲ

ਮੈਨੂੰ ਖ਼ਾਬ ਜਿਹਾ ਇਕ ਆਇਆ ਸੀ,
ਕੁਝ ਚਿਹਰਾ ਇੰਝ ਰੁਸ਼ਨਾਇਆ ਸੀ।

ਮੈਂ ਇਕ ਮਹਿਫ਼ਲ ਦੇ ਵਿਚ ਬੈਠੀ ਸੀ,
ਜਿੱਥੇ ਸਰਤਾਜ ਨੇ ਗੀਤ ਸੁਣਾਇਆ ਸੀ।

ਉਸ ਐਸੀ ਹੇਕ ਲਗਾਈ ਸੀ,
ਕਿੰਝ ਸਭ ਨੂੰ ਕੀਲ ਬਿਠਾਇਆ ਸੀ।

ਸਭ ਉਸ ਦੇ ਰੰਗ ਵਿਚ ਰੰਗੇ ਗਏ,
ਉਸ ਐਸਾ ਰਾਗ ਸੁਣਾਇਆ ਸੀ।

ਸਭ ਮਸਤੀ ਵਿਚ ਸੀ ਝੂਮ ਰਹੇ,
ਉਸ ਐਸਾ ਜਾਮ ਪਿਲਾਇਆ ਸੀ।

ਉਹ ਲੱਗਦਾ ਸੀ ਕੋਈ ਫੱਕਰ ਜਿਹਾ,
ਉਸ ਐਸ ਪਹਿਰਾਵਾ ਪਾਇਆ ਸੀ।

ਮੇਰੀ ਅਜ਼ਲਾਂ ਤੋਂ ਸੁੱਤ ਰੂਹ ਤਾਈਂ,
ਉਸ ਐਸਾ ਝੰਜੋੜ ਜਗਾਇਆ ਸੀ।

ਮੇਰੀ ਅਜ਼ਲਾਂ ਤੋਂ ਸੁੱਤੀ ਰੂਹ ਤਾਈਂ,
ਉਸ ਐਸਾ ਝੰਜੋੜ ਜਗਾਇਆ ਸੀ।

ਮੇਰੀ ਅੱਖ ਉਦੋਂ ਹੀ ਖੁੱਲ੍ਹੀ ਸੀ,
ਜਿਵੇਂ ਬਾਹੋਂ ਕਿਸੇ ਫੜ ਜਗਾਇਆ ਸੀ।

ਮੈਨੂੰ ਖ਼ਾਬ ਜਿਹਾ ਇਕ ਆਇਆ ਸੀ,
ਕੁਝ ਚਿਹਰਾ ਇੰਝ ਰੁਸ਼ਨਾਇਆ ਸੀ।


Academy of the Punjab in North America - APNA: http://www.apnaorg.com

ਮੈਨੂੰ ਸਰਤਾਜ ਹੁਣਾਂ ਦੀ ਸ਼ਾਇਰੀ ਤੇ ਸੰਗੀਤ ਬਹੁਤ ਪਸੰਦ ਹੈ। ਉਨ੍ਹਾਂ ਦਾ ਸੂਫੀਆਨਾ ਅਤੇ ਬੈਠ ਕੇ ਗਾਉਣ ਦਾ ਅੰਦਾਜ਼ ਬਹੁਤ ਪਸੰਦ ਹੈ ਤੇ ਉਹਨਾਂ ਦਾ ਸੰਗੀਤ ਸੁਣ ਕੇ ਜਿਵੇਂ ਇਨਸਾਨ ਕੀਲਿਆ ਹੀ ਜਾਂਦਾ ਹੈ। ਪਰ ਉਨ੍ਹਾਂ ਦੀ ਸੀ. ਡੀ. ਵਿਚ ਮਿਊਜ਼ਿਕ ਦਾ ਵੱਖਰਾ ਹੀ ਰੰਗ ਦੇਖ ਕੇ ਸੂਫੀਆਨਾ ਮਹਿਫ਼ਲ ਦਾ ਰੰਗ ਫਿੱਕਾ ਜਿਹਾ ਲੱਗਾ। ਪਰ ਕੋਈ ਸ਼ੱਕ ਨਹੀਂ ਕਿ ਸਰਤਾਜ ਹੁਣਾਂ ਵਰਗੀ ਮਹਿਫ਼ਲ ਕੋਈ ਨਹੀਂ ਸਜਾਉਂਦਾ।

## ਸਰੋਤਿਆਂ ਦੀ ਆਵਾਜ਼

ਸਾਰੀਆਂ ਉਮੀਦਾਂ ਉਤੇ ਫੇਰ ਦਿੱਤਾ ਪਾਣੀ,
ਅਸੀਂ ਬੈਠੇ ਸੀ ਤੁਹਾਡੇ ਤੋਂ ਉਮੀਦਾਂ ਕਈ ਲਾਈ।

ਪਹਿਲਾਂ ਕਈ ਮਹੀਨੇ ਤੁਸੀਂ ਲਾਰਿਆਂ 'ਚ ਰੱਖਿਆ,
ਕਿ ਸੀ. ਡੀ. ਅੱਜ ਆਈ ਕਿ ਸੀ. ਡੀ. ਕੱਲ੍ਹ ਆਈ।

ਸਟੇਜ ਉਤੇ ਬਹਿ ਕੇ ਜਿਹੜੇ ਬੰਨ੍ਹਦੇ ਸੀ ਰੰਗ,
ਦਿਸੀ ਨਾ ਕਿਤੇ ਉਹੋ ਵੱਜਦੀ ਸ਼ਹਿਨਾਈ।

ਸ਼ਾਇਰੀ ਤਾਂ ਤੁਹਾਡੀ ਬੜੀ ਸੱਚੀ ਅਤੇ ਸੁੱਚੀ,
ਹੇਕ ਵੀ ਬਥੇਰੀ ਏ ਸੁਰੀਲੀ ਤੁਸੀਂ ਲਾਈ।

ਥੋੜ੍ਹੀ ਜਿਹੀ ਹੋਰ ਕਿਤੇ ਕਰਦੇ ਜੇ ਮਿਹਨਤ,
ਮਿਊਜ਼ਕ ਵਾਲੀ ਕਿਉਂ ਐਵੇਂ ਜੱਖਣਾ ਵਿਢਾਈ।

ਲੋਕਾਂ ਦੇ ਖਿਆਲ ਸੁਣ ਬੜਾ ਦੁੱਖ ਹੋਇਆ,
ਸਤਿੰਦਰਾ ਵੇ ਗਾਇਕਾਂ ਦੀ ਭੀੜ 'ਚ ਨਾ ਰਲ ਜਾਈਂ।

ਇਹ ਨਿਮਾਣੇ ਜਹੇ ਸਰੋਤਿਆਂ ਦਾ ਵੀ ਰੱਖ ਲਿਓ ਮਾਣ,
ਲਾਈਵ ਸ਼ੋਅ ਵਾਲੀ ਹੀ ਅੱਗੇ ਤੋਂ ਸੀ. ਡੀ. ਬਣਵਾਈਂ।

ਵੱਧ ਘੱਟ ਬੋਲਿਆ ਵੀ ਕਰ ਦਿਉ ਮਾਫ਼,
ਮੈਂ ਤਾਂ ਸਾਰੇ ਸਰੋਤਿਆਂ ਦੀ ਆਵਾਜ਼ ਤੁਹਾਡੇ ਤੱਕ ਪਹੁੰਚਾਈ।


Academy of the Punjab in North America - APNA: http://www.apnaorg.com

## ਟੱਪੇ

ਗੱਲਾਂ ਸ਼ੀਸ਼ੇ ਨਾਲ ਕਰਦੇ ਆਂ,
ਕਿਹੜਾ ਕਿਹੜਾ ਦੁੱਖ ਦੱਸੀਏ,
ਨਿੱਤ ਜੀਅ-ਜੀਅ ਮਰਦੇ ਆਂ।

ਚੋਟ ਠੱਗੀਆਂ ਦੀ ਲਾ ਗਏ ਨੇ,
ਕਿਸੇ ਤੇ ਕੀ ਦੋਸ਼ ਲਾਈਏ,
ਫੱਟ ਆਪਣੇ ਹੀ ਲਾ ਗਏ ਨੇ।

ਰੱਤ ਜਿਗਰ ਦੀ ਨਿਚੋੜ ਗਏ,
ਇਕ ਪੈਸੇ ਦੀ ਖ਼ਾਤਿਰ,
ਉਹ ਸਭ  ਰਿਸ਼ਤੇ ਹੀ ਤੋੜ ਗਏ।

ਸੀਨੇ ਖੰਜਰ ਖੋਭ ਗਏ,
ਬੇੜੀ ਦਾ ਮਲਾਹ ਬਣ ਕੇ,
ਸਾਡੀ ਕਿਸ਼ਤੀ ਹੀ ਡੋਬ ਗਏ।

'ਬਲਵੀਰ' ਹਾਉਕਿਆਂ ਨੂੰ ਮਿਣਦੀ ਏ
ਜਿੰਨੇ ਵੀ ਤੁਸੀਂ ਦੁੱਖ ਨੇ ਦਿੱਤੇ,
ਕੱਲੀ ਬਹਿ ਬਹਿ ਗਿਣਦੀ ਏ।


Academy of the Punjab in North America - APNA: http://www.apnaorg.com

## ਇਲਜ਼ਾਮ ਬਾਕੀ ਆ

ਮੈਂ ਲੁੱਟਿਆ ਹੈ ਉਸਨੂੰ,
ਮੈਂ ਪੱਟਿਆ ਹੈ ਉਸਨੂੰ,
ਖਾਧਾ ਉਸਦਾ ਹੈ ਪੈਸਾ,
ਕਿੰਨੇ ਕੁ ਹੋਰ ਇਲਜ਼ਾਮ ਅਜੇ ਬਾਕੀ ਆ।

ਮੇਰੀ ਸਾਂਝ ਹੈ ਗ਼ਮਾਂ ਨਾਲ,
ਜਿੰਨੇ ਵੀ ਲਾਉਣੇ ਇਕ ਵਾਰ ਲਾ ਲਿਓ,
ਮੇਰੇ ਵਹੀ ਖਾਤੇ ਵਿਚ,
ਕੀ-ਕੀ ਇਲਜ਼ਾਮ ਅਜੇ ਬਾਕੀ ਆ।

ਇਹ ਜ਼ਿੰਦਗੀ ਲੰਘਾਉਣੀ,
ਕੋਈ ਸੌਖੀ ਨਹੀਂ,
ਦੁੱਖਾਂ 'ਚ ਫਸੀ ਇਹ,
ਜਾਨ ਅਜੇ ਬਾਕੀ ਆ।

ਇਹਨਾਂ ਟੁੱਟੇ ਹੋਏ ਤੰਦਾਂ ਦੀ,
ਉਲਝ ਗਈ ਏ ਤਾਣੀ,
ਰੋ-ਰੋ ਦਿਨ ਮੈਂ ਲੰਘਾਵਾਂ,
ਕਿੰਨੇ ਕੁ ਗ਼ਮਾਂ ਦੇ ਜਾਮ ਅਜੇ ਬਾਕੀ ਆ।

ਪਿਆਰ ਨਹੀਂ ਨਸੀਬ ਸੀ,
ਕਿਸਮਤ ਵਿਚ ਸਾਡੇ,
ਬੱਸ ਰਹਿ ਗਿਆ ਜੋ ਪੱਲੇ,
ਇਮਤਿਹਾਨ ਅਜੇ ਬਾਕੀ ਆ।

'ਢਿੱਲੋਂ' ਛੱਡ ਤੂੰ ਵੀ ਖਹਿੜਾ,
ਟੁੱਟਦੇ ਆ ਤੇ ਟੁੱਟ ਲੈਣ ਦੇ,
ਸ਼ਾਇਦ ਇਹ ਵੀ ਆਖ਼ਰੀ,
ਅੰਜਾਮ ਅਜੇ ਬਾਕੀ ਆ।


Academy of the Punjab in North America - APNA: http://www.apnaorg.com

## ਬੇਗਾਨੀਆਂ ਧੀਆਂ

ਨੂੰਹਾਂ ਮਾੜੀਆਂ ਬਣਾਈਆਂ ਰੱਬਾ ਕਾਸ ਤੋਂ,
ਕਦੇ ਸੱਸਾਂ ਦੇ ਵੀ ਪਰਦੇ ਖੋਲ੍ਹ ਦੇ।

ਕਿੱਥੇ ਬੈਠ ਕੇ ਲਿਖੇ ਸੀ ਲੇਖ ਧੀਆਂ ਦੇ,
ਕਿਤੇ ਲਿਖਦਾ ਪਿਆਰ ਦੇ ਦੋ ਬੋਲ ਵੇ।

ਵੇ ਮੈਂ ਮਾਪਿਆਂ ਨੇ ਪਾਲੀ ਬੜੇ ਲਾਡਾਂ ਨਾਲ,
ਕਾਹਤੋਂ ਸਹੁਰਿਆਂ ਨੇ ਖ਼ਾਬ ਮੇਰੇ ਕੱਖ ਰੋਲ ਤੇ।

ਘਰ ਆਪਣੇ ਹੀ ਪੁੱਤਾਂ ਦੇ ਪੱਟਦੀਆਂ,
ਨਿੱਤ ਨੂੰਹਾਂ ਨੂੰ ਹੀ ਮਿਹਣੇ ਕਾਹਤੋ ਕੱਸਦੀਆਂ।

ਮਾਪੇ ਪਾਲਦੇ ਨੇ ਸਮਝ ਬੇਗਾਨੀਆਂ,
ਸਹੁਰੇ ਘਰ ਵੀ ਇਹ ਰਹਿਣ ਬੇਗਾਨੀਆਂ।

ਕਿੱਥੇ ਬੈਠ ਕੇ ਲਿਖੇ ਸੀ ਰੱਬਾ ਲੇਖ ਵੇ,
ਕੀ-ਕੀ ਸਹਿੰਦੀਆਂ ਨੇ ਆ ਕੇ ਜ਼ਰਾ ਦੇਖ ਵੇ।

ਪੁੱਤਾਂ ਵਾਲਿਓ ਕਿਉਂ ਪੁੱਤਾਂ ਵਾਲੀ ਰੱਟ ਲਾਈ ਏ,
ਕਿਉਂ ਬੇਗਾਨੀਆਂ ਧੀਆਂ ਦੀ ਜਿੰਦ ਦਾਅ ਤੇ ਲਾਈ ਏ।

ਡਾਹਢੇ ਰੱਬਾ ਕਰੇ ਅਰਦਾਸ ਬਲਵੀਰ,
ਜੋ ਦਿੱਤੀਆਂ ਨੇ ਧੀਆਂ ਲਿਖੀਂ ਚੰਗੀ ਤਕਦੀਰ।


Academy of the Punjab in North America - APNA: http://www.apnaorg.com

# ਮੈਂ ਗ਼ੈਰ ਨਹੀਂ ਸੀ

ਮੈਂ ਗ਼ੈਰ ਨਹੀਂ ਸੀ ਤੇਰੇ ਲਈ ਤੂੰ ਗ਼ੈਰ ਬਣਾ ਦਿੱਤਾ,
ਇਸ ਦਿਲ ਵਿਚ ਯਕੀਨ ਦਾ ਜੋ ਬਣਾਇਆ ਮੰਦਿਰ,
ਤੂੰ ਤਿਣਕਾ ਤਿਣਕਾ ਕਰਕੇ ਢਾਹ ਦਿੱਤਾ।

ਤੇਰੇ ਕੋਲੋਂ ਉਮੀਦ ਨਹੀਂ ਸੀ ਇਹੋ ਜਹੀ,
ਤੂੰ ਮੇਰੇ ਯਕੀਨ ਨੂੰ ਹੀ ਦਾਅ ਤੇ ਲਾ ਦਿੱਤਾ।

ਇਕ ਵਾਰ ਵੀ ਪਿੱਛੇ ਮੁੜਕੇ ਨਾ ਦੇਖਿਆ ਅਸੀਂ,
ਤੂੰ ਤੇ ਇਕ ਪਲ 'ਚ ਸਭ ਕੁਝ ਭੁਲਾ ਦਿੱਤਾ।

ਤੇਰੇ ਮੁਰੀਦਾਂ ਨੂੰ ਸੀ ਤੇਰੇ ਤੇ ਲੱਖ ਆਸਾਂ,
ਤੂੰ ਤੇ ਮੁਰੀਦਾਂ ਨੂੰ ਹੀ ਘੁੰਮਣ ਘੇਰੀਆਂ 'ਚ ਪਾ ਦਿੱਤਾ।

ਲੋਕਾਂ ਦੀਆਂ ਰੋਣ ਅੱਖਾਂ ਮੇਰਾ ਦਿਲ ਰੋਂਦਾ,
ਤੂੰ ਕੈਸੇ ਇਮਤਿਹਾਨ 'ਚ ਮੈਨੂੰ ਪਾ ਦਿੱਤਾ।

ਪਿੱਛੇ ਮੁੜਨ ਲਈ ਨਾ ਬਚਿਆ ਰਾਹ ਕੋਈ,
ਕੈਸੀ ਦੁਚਿੱਤੀ 'ਚ ਮੈਨੂੰ ਪਾ ਦਿੱਤਾ।

ਸ਼ਾਲਾ! ਰਹਿਣ ਅਬਾਦ ਇਹ ਹਾਸੇ ਤੇਰੇ,
ਦੁੱਖ ਹਰ ਇੱਕ ਤੂੰ ਸਾਡੀ ਝੋਲੀ ਪਾ ਦਿੱਤਾ।

ਸ਼ਾਇਦ ਖਾਮੀਆਂ ਹੀ ਸਨ ਮੇਰੇ ਵਿਚ ਐਨੀਆਂ,
ਜੋ ਤੇਰੇ ਮੇਰੇ ਵਿਚ ਐਨਾ ਫ਼ਾਸਲਾ ਪਾ ਦਿੱਤਾ।

ਅਰਜ਼ੋਈ ਬਲਵੀਰ ਦੀ ਬਹੁੜ ਹੁਣ ਮਾਫ਼ ਕਰ ਦੇ,
ਮਿਹਰਾਂ ਵਾਲਿਆਂ ਵੇ ਤੇਰੇ ਦਰ ਤੇ ਸਿਰ ਟਿਕਾ ਦਿੱਤਾ।


Academy of the Punjab in North America - APNA: http://www.apnaorg.com

# ਮੈਂ ਹਾਂ ਇੱਕ ਉਹ ਕੁੜੀ

ਮੈਂ ਹਾਂ ਇਕ ਉਹ ਕੁੜੀ
ਜਿਹੜੀ ਕੁਝ ਵੀ ਨਹੀਂ ਸੀ ਜਾਣਦੀ।

ਪਿਆਰ ਦੇ ਰਾਹ ਤੇ ਤੁਰ ਪਈ,
ਇਸ ਦੁਨੀਆਂ ਤੋਂ ਅਣਜਾਣ ਸੀ।

ਔਖੇ ਸੌਖੇ ਰਾਹਾਂ ਵਿਚੋਂ ਲੰਘਣਾ,
ਹਾਏ ਦੱਸਿਆ ਮੈਨੂੰ ਲੋਕਾਂ ਨੇ।

ਮੈਂ ਭੋਲੀ ਭਾਲੀ ਜਿਹੀ ਕੁੜੀ,
ਮੈਨੂੰ ਜੀਣਾ ਸਿਖਾਇਆ ਲੋਕਾਂ ਨੇ।

ਝੂਠ ਫਰੇਬ ਨਾ ਜਾਣਾ ਕੀ ਹੁੰਦਾ,
ਠੱਗ ਕੇ ਮੈਨੂੰ ਦੱਸਿਆ ਲੋਕਾਂ ਨੇ।

ਫੁੱਲਾਂ ਵਾਂਗੂੰ ਸਾਂ ਮਹਿਕਾਂ ਨਿੱਤ ਵੰਡਦੀ,
ਕੰਡਿਆਂ ਸੰਗ ਰਹਿਣਾ ਸਿਖਾਇਆ ਲੋਕਾਂ ਨੇ।

ਦੁਨੀਆਂ ਦਾ ਰੰਗ ਕੋਈ ਮੈਨੂੰ ਚੜ੍ਹਿਆ ਨਾ,
ਸਭ ਤੋਂ ਟੁੱਟ ਕੇ ਜੀਣਾ ਸਿਖਾਇਆ ਲੋਕਾਂ ਨੇ।

ਚੁਸਤ ਚਲਾਕੀਆਂ ਕੀ ਜਾਣਾ ਕੀ ਹੁੰਦਆਂ,
ਜਜ਼ਬਾਤਾਂ ਨਾਲ ਖੇਲ ਸਿਖਾਇਆ ਲੋਕਾਂ ਨੇ।

ਮੁੜਨਾ ਨਹੀਂ ਹੁਣ ਜਿਹੜੇ ਰਾਹ ਤੁਰ ਪਈ,
ਬਲਵੀਰ ਨੂੰ ਜ਼ੁਲਮ ਨਾਲ ਲੜਨਾ ਸਿਖਾਇਆ ਲੋਕਾਂ ਨੇ।


Academy of the Punjab in North America - APNA: http://www.apnaorg.com

# ਇਨਸਾਨੀਅਤ

ਕਿਸੇ ਨੂੰ ਪਿਆਰ ਨਹੀਂ ਕਰ ਸਕਦੇ,
ਇੰਝ ਨਫ਼ਰਤਾਂ ਦੇ ਵਾਰ ਨਾ ਕਰੋ।

ਕਿਸੇ ਦੀ ਬੇੜੀ 'ਚ ਵੱਟੇ ਨਾ ਪਾਓ,
ਕਿਸੇ ਦੀ ਜ਼ਿੰਦਗੀ ਨ ਇੰਝ ਖਲਵਾੜ ਨਾ ਕਰੋ।

ਕਿਉਂ ਬਦਲੇ ਦੀ ਭਾਵਨਾ 'ਚ ਕਰਦੇ ਓ ਤਬਾਹੀ,
ਇੰਝ ਇਨਸਾਨੀਅਤ ਦਾ ਕਤਲੇਆਮ ਨਾ ਕਰੋ।

ਕਿਉਂ ਤੋੜੀ ਜਾਂਦੇ ਹੋ ਹਰ ਇਕ ਦਾ ਭਰੋਸਾ,
ਜ਼ਰਾ ਗੌਰ ਇਸ ਗੱਲ ਤੇ ਇਕ ਵਾਰ ਤਾਂ ਕਰੋ।

ਇਨਸਾਨ ਹੋ ਇਨਸਾਨੀਅਤ ਕਿਉਂ ਨਹੀਂ ਅਪਣਾਉਂਦੇ,
ਇੰਝ ਇਨਸਾਨੀਅਤ ਥਾਂ ਥਾਂ ਬਦਨਾਮ ਨਾ ਕਰੋ।

ਕਿਉਂ ਸੁੱਟਦੇ ਹੋ ਹਰ ਕਿਸੇ ਉੱਤੇ ਚਿੱਕੜ,
ਇੰਝ ਹਰ ਕਿਸੇ ਦਾ ਦਾਮਨ ਦਾਗ਼ਦਾਰ ਨਾ ਕਰੋ।

ਕਿਉਂ ਬਣਾ ਰਹੇ ਹੋ ਇਨਸਾਨ ਨੂੰ ਇਨਸਾਨ ਦਾ ਦੁਸ਼ਮਣ,
ਇੰਝ ਰਿਸ਼ਤਿਆਂ ਨੂੰ ਨਿਲਾਮ ਨਾ ਕਰੋ।

'ਢਿੱਲੋਂ' ਜੀਣ ਲਈ ਖੁਸ਼ੀਆਂ ਵੀ ਨੇ ਬਹੁਤ ਜ਼ਰੂਰੀ,
ਦਿਲ 'ਚੋਂ ਨਫ਼ਰਤ ਕੱਢ ਕੇ ਕਿਸੇ ਨੂੰ ਪਿਆਰ ਤਾਂ ਕਰੋ।


Academy of the Punjab in North America - APNA: http://www.apnaorg.com

# ਮੈਂ ਜਾਣਾ ਜਾਂ ਰੂਹ ਮੇਰੀ

ਜਦ ਮੈਂ ਆਪਣੀ ਜ਼ਿੰਦਗੀ ਵਿਚ,
ਦੁਖਾਂ ਦਾ ਬੋਝਾ ਝੱਲਿਆ ਸੀ।

ਇਹ ਮੈਂ ਜਾਣਾ ਜਾਂ ਰੂਹ ਮੇਰੀ,
ਮੇਰਾ ਦਿਲ ਕਿੱਦਾਂ ਹਿੱਲਿਆ ਸੀ।

ਟੁੱਟਦੇ ਤਾਰੇ ਅੰਬਰੋਂ,
ਨਾ ਡਿੱਗਣ ਜ਼ਮੀਨਾਂ ਤੇ।

ਇੰਝ ਮੈਂ ਟੁੱਟ ਕੇ ਬਿਖ਼ਰ ਗਿਆ,
ਨਾ ਵੱਸ ਮੇਰਾ ਚੱਲਿਆ ਸੀ।

ਕੋਈ ਫੜ ਕੇ ਗਲ ਨਾਲ ਲਾ ਲੈਂਦਾ,
ਦੁੱਖ ਸਾਰੇ ਹੀ ਮੁੱਕ ਜਾਂਦੇ।

ਮੈਂ ਇਕ ਸੁੱਕੇ ਪੱਤੇ ਵਾਂਗ,
ਜਾ ਖ਼ਾਕ 'ਚ ਰਲਿਆ ਸੀ।

ਮੇਰੀ ਸਾਰ ਨਾ ਪੁੱਛੀ ਢਿੱਲੋਂ,
ਮੇਰੇ ਨਾਲ ਦਿਆਂ ਜੰਮਿਆਂ।

ਮੈਨੂੰ ਪੁੱਛ ਕੇ ਦੇਖੋ,
ਕਿੰਝ ਸੀਨੇ ਭਾਂਬੜ ਬਲਿਆ ਸੀ।

ਜਦ ਮੈਂ ਆਪਣੀ ਜ਼ਿੰਦਗੀ ਵਿਚ,
ਦੁੱਖਾਂ ਦਾ ਬੋਝਾ ਝੱਲਿਆ ਸੀ।


Academy of the Punjab in North America - APNA: http://www.apnaorg.com

## ਬਗਾਵਤ ਦਾ ਐਲਾਨ

ਮੈਂ ਜਿਸ ਦਿਨ ਦਾ ਬਗ਼ਾਵਤ ਦਾ ਐਲਾਨ ਕਰ ਦਿੱਤਾ,
ਬੱਸ ਮੇਰੀ ਏਨੀ ਕੁ ਹਿੰਮਤ ਦੇਖ ਉਨ੍ਹਾਂ ਮੈਨੂੰ ਮਾਰ ਦਿੱਤਾ।

ਮੈਂ ਕਿਤੇ ਖੜ ਨਾ ਜਾਵਾਂ ਇਨਸਾਫ਼ ਖ਼ਾਤਿਰ,
ਮੇਰੀ ਆਪਣੀ ਜ਼ਿੰਦਗੀ ਤੋਂ ਕਿੰਨਾ ਪਛਾੜ ਦਿੱਤਾ।

ਮੇਰੇ ਰਸਤੇ 'ਚ ਰੱਖਦੇ ਰਹੇ ਰੁਕਾਵਟਾਂ ਦੇ ਢੇਰ,
ਮੇਰੇ ਬੁਲੰਦ ਹੌਂਸਲੇ ਦੇਖ ਉਨ੍ਹਾਂ ਨੂੰ ਸੂਲੀ ਚਾੜ੍ਹ ਦਿੱਤਾ।

ਮਰਿਆ ਨਹੀਂ ਜ਼ਮੀਰ ਮੇਰਾ ਬੇਈਮਾਨੀ ਦੀ ਖ਼ਾਤਿਰ,
ਮੇਰੇ ਇਸ ਫੈਸਲੇ ਨੇ ਮੇਰਾ ਸੀਨਾ ਠਾਰ ਦਿੱਤਾ।

ਮੈਂ ਤੇ ਖੜ੍ਹਿਆ ਸੀ 'ਢਿੱਲੋਂ' ਉਹਨਾਂ ਮਜ਼ਲੂਮਾਂ ਖ਼ਾਤਿਰ,
ਪਰ ਉਹਨਾਂ ਮੈਨੂੰ ਹੀ ਜ਼ੁਲਮ ਦੇ ਧੱਕੇ ਚਾੜ੍ਹ ਦਿੱਤਾ।

ਮੈਂ ਜਿਸ ਦਿਨ ਦਾ ਬਗ਼ਾਵਤ ਦਾ ਐਲਾਨ ਕਰ ਦਿੱਤਾ,
ਬੱਸ ਮੇਰੀ ਏਨੀ ਕੁ ਹਿੰਮਤ ਦੇਖ ਉਨ੍ਹਾਂ ਮੈਨੂੰ ਮਾਰ ਦਿੱਤਾ।


Academy of the Punjab in North America - APNA: http://www.apnaorg.com

# ਧੀ ਦੀ ਪੁਕਾਰ

ਅੱਖਾਂ ਦੇ ਵਿਚ ਖ਼ਾਬ ਬੜੇ ਨੇ,
ਪਰ ਚਿਹਰੇ ਮੁਰਝਾਏ ਆ।

ਨੀ ਅੰਮੀਏ, ਨੀ ਦੱਸੀਂ ਮੈਨੂੰ,
ਕਿਉਂ ਦੁੱਖ ਸਾਡੇ ਹਿੱਸੇ ਆਏ ਆ।

ਪਹਿਲਾ ਦੁੱਖ ਤੇ ਇਹੋ ਕਿ ਧੀ ਹਾਂ ਮੈਂ,
ਪੁੱਤਰਾਂ ਨੂੰ ਗਲ ਲਾ ਕੇ ਲਾਡ ਲਡਾਉਂਦੀ ਤੂੰ।

ਦੱਸ ਦੀ ਮਾਏਂ ਕਿਉਂ ਸਾਡੀ ਵਾਰੀ,
ਮੱਥੇ ਸੌ ਸੌ ਵੱਟ ਪਾਏ ਆ।

ਨੀ ਅੰਮੀਏ ਨੀ ਦੱਸੀਂ ਮੈਨੂੰ,
ਕਿਉਂ ਦੁੱਖ ਸਾਡੇ ਹਿੱਸੇ ਆਏ ਆ।

ਦੂਜਾ ਦੁੱਖ ਇਹੋ ਜਾ ਕਰਦੀ,
ਫ਼ਰਕ ਜੋ ਧੀਆਂ ਪੁੱਤਰਾਂ ਦਾ।

ਪੁੱਤਰ ਜੰਮਣ ਲੋਹੜੀਆਂ ਪਾਵੇਂ,
ਕਿਉਂ ਸਾਡੇ ਜੰਮਣ ਤੇ ਸੋਕ ਮਨਾਏ ਆ।

ਨਿੱਕੀ ਜਿਹੀ ਏ ਜਾਨ ਅਸਾਡੀ,
ਕਿਉਂ ਦਿਲ ਮਮਤਾ ਬਾਝੋਂ ਤ੍ਰਿਹਾਏ ਆ।

ਅੱਖਾਂ ਦੇ ਵਿਚ ਖ਼ਾਬ ਬੜੇ ਨੇ,
ਪਰ ਚਿਹਰੇ ਮੁਰਝਾਏ ਆ।


Academy of the Punjab in North America - APNA: http://www.apnaorg.com



ਬਲਵੀਰ ਕੌਰ ਢਿੱਲੋਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਹੋਰ
ਨਾਂ ਹੈ। 'ਜ਼ਿੰਦਗੀ' ਉਸਦਾ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਉਸ
ਮੁਹਾਂਦਰੇ ਨੂੰ ਨਵੀਂ ਪਛਾਣ ਦਿੱਤੀ ਹੈ। ਉਸਦੀ ਕਵਿਤਾ ਪੜ੍ਹਦਿਆਂ ਹੋ
ਗੂੰਜ ਵੀ ਸੁਣਦੀ ਹੈ ਤੇ ਵਿਯੋਗੀ ਰੂਹ ਦੇ ਦਰਦ ਦੀ ਸਰਗਮ ਵੀ। ਆਪ
ਕਰਨ ਵਾਲੀ ਇਸ ਕਵਿੱਤਰੀ ਦਾ ਇਹ ਕਾਵਿ-ਸੰਗ੍ਰਹਿ ਉਸਦੇ ਜੀਵ
ਪੜਾਅ ਹੈ। ਮੈਂ ਉਸਦੀ ਕਾਵਿ ਪੁਸਤਕ ਨੂੰ ਖ਼ੁਸ਼ਆਮਦੀਦ ਕਹਿੰਦਾ ਹੋਇਆ

Academy of the Punjab in North America - APNA: http://www.apnaorg.com